Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 5 : # ਅੰਕ 12 08/07/2026 www.samajweekly.com samajweekly @samajweekly samajweekly

# ਚੀਨ ’ਚ ਢਿੱਗਾਂ ਡਿੱਗਣ ਕਾਰਨ 20 ਮੌਤਾਂ, 331 ਜ਼ਖ਼ਮੀ

**ਪੇਈਚਿੰਗ।** ਪਿਛਲੇ 24 ਘੰਟਿਆਂ ਦੌਰਾਨ ਚੀਨ ਵਿੱਚ ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ ਘੱਟੋ-ਘੱਟ 20 ਜਣਿਆਂ ਦੀ ਮੌਤ ਹੋ ਗਈ ਅਤੇ 331 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਅੱਜ ਅਧਿਕਾਰੀਆਂ ਨੇ ਦਿੱਤੀ। ਸਰਕਾਰੀ ਖ਼ਬਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਹੜ੍ਹ ਐਮਰਜੈਂਸੀ ਬਚਾਅ, ਆਫ਼ਤ ਰਾਹਤ ਅਤੇ ਜ਼ਖ਼ਮੀਆਂ ਦੇ ਇਲਾਜ ਲਈ ਹਰ ਸੰਭਵ ਯਤਨ ਕਰਨ ਦਾ ਨਿਰਦੇਸ਼ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅੱਜ ਉੱਤਰ-ਪੱਛਮੀ ਚੀਨ ਦੇ ਗਾਂਸੂ ਸੂਬੇ ਦੇ ਕਸਬੇ ਵਿੱਚ ਢਿੱਗਾਂ ਡਿੱਗਣ ਕਾਰਨ ਪੰਜ ਜਣਿਆਂ ਦੀ



ਮੌਤ ਹੋ ਗਈ। ਮਲਬੇ ਹੇਠਾਂ ਕੁੱਲ 33 ਲੋਕ ਦਬ ਗਏ ਸਨ। ਬਚਾਅ ਕਰਮਚਾਰੀਆਂ ਨੇ ਦੱਸਿਆ ਕਿ 21 ਜਣਿਆਂ ਨੂੰ ਬਾਹਰ ਕੱਢ ਲਿਆ ਗਿਆ ਸੀ, ਪਰ ਉਨ੍ਹਾਂ ਵਿੱਚੋਂ ਪੰਜ ਦੀ ਇਲਾਜ ਦੌਰਾਨ ਮੌਤ ਹੋ ਗਈ। ਬਾਕੀ 12 ਲਾਪਤਾ ਜਣਿਆਂ ਦੀ ਭਾਲ ਜਾਰੀ ਹੈ। ਦੂਜੇ ਪਾਸੇ ਲੰਘੀ ਰਾਤ ਹੁਬੇਈ ਸੂਬੇ ਦੇ ਪੂਰਬੀ ਹਿੱਸੇ ਵਿੱਚ ਆਏ ਮੀਂਹ-ਹਨੇਰੀ ਕਾਰਨ 11 ਮੌਤਾਂ ਹੋ ਗਈਆਂ ਅਤੇ ਇੱਕ ਵਿਅਕਤੀ ਦੇ ਲਾਪਤਾ ਹੋਣ ਦੀ ਖ਼ਬਰ ਹੈ। ਤਿੰਨ ਇਲਾਕਿਆਂ ਵਿੱਚ ਘੱਟੋ ਘੱਟ 331 ਲੋਕ ਜ਼ਖ਼ਮੀ ਵੀ ਹੋਏ ਹਨ। 400 ਤੋਂ ਵੱਧ ਵਿਅਕਤੀਆਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਗਿਆ ਹੈ।

## ਫਰਾਂਸ ਦੇ ਰਾਸ਼ਟਰਪਤੀ ਮੈਕਰੋਨ ਦੇ ਦੌਰੇ ਦੌਰਾਨ ਸੀਰੀਆ ’ਚ ਧਮਾਕਾ



**ਦਮਿਸ਼ਕ :** ਸੀਰੀਆ ਦੀ ਰਾਜਧਾਨੀ ਦਮਿਸ਼ਕ ਵਿੱਚ ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਦੌਰੇ ਦੌਰਾਨ ਮੰਗਲਵਾਰ ਨੂੰ ਧਮਾਕਾ ਹੋਇਆ ਹੈ । ਇਹ ਬਲਾਸਟ ਉਸ ਹੋਟਲ ਦੇ ਨੇੜੇ ਹੋਇਆ ਹੈ, ਜਿੱਥੇ ਮੈਕਰੋਨ ਦੇ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਸੀ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਥਾਨਕ ਲੋਕਾਂ ਨੇ ਇੱਕੋ ਵੇਲੇ ਕਈ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਵੀਡੀਓਜ਼ ਵਿੱਚ ਇਲਾਕੇ ਵਿੱਚੋਂ ਧੂੰਆਂ ਉੱਠਦਾ ਵੀ ਦੇਖਿਆ ਗਿਆ। ਧਮਾਕੇ ਦੇ ਤੁਰੰਤ ਬਾਅਦ ਸੁਰੱਖਿਆ ਏਜੰਸੀਆਂ ਨੇ ਆਸ-ਪਾਸ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਅਤੇ ਪੂਰੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ। ਫਿਲਹਾਲ ਕਿਸੇ ਦੇ ਜਾਨੀ ਨੁਕਸਾਨ ਦੀ ਕੋਈ ਜਾਣਕਾਰੀ ਨਹੀਂ ਹੈ। ਅਧਿਕਾਰੀਆਂ ਨੇ ਧਮਾਕੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੈਕਰੋਨ, ਬਸ਼ਰ ਅਲ-ਅਸਦ ਦੇ ਸੱਤਾ ਤੋਂ ਹਟਣ ਤੋਂ ਬਾਅਦ ਦਮਿਸ਼ਕ ਦਾ ਦੌਰਾ ਕਰਨ ਵਾਲੇ ਯੂਰਪੀਅਨ ਯੂਨੀਅਨ ਦੇ ਪਹਿਲੇ ਵੱਡੇ ਆਗੂ ਹਨ।

## ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦਾ ਸਿਖਿਆ ਰੀਪੋਰਟ ਕਾਰਡ, ਚੰਡੀਗੜ੍ਹ ਸੱਭ ਤੋਂ ਅੱਗੇ, ਪੰਜਾਬ ਦੂਜੇ ਸਥਾਨ ’ਤੇ

**ਨਵੀਂ ਦਿੱਲੀ:** ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਜਾਰੀ ਕੀਤੀ ਗਈ ‘ਪਰਫਾਰਮੈਂਸ ਗ੍ਰੇਡਿੰਗ ਇੰਡੈਕਸ (ਪੀ.ਜੀ.ਆਈ.) 2025-26’ ਦੀ ਤਾਜ਼ਾ ਰੀਪੋਰਟ ਵਿਚ ਚੰਡੀਗੜ੍ਹ ਨੇ ਦੇਸ਼ ਭਰ ਦੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਸ ਦੇ ਨਾਲ ਹੀ ਪੰਜਾਬ, ਕੇਰਲ, ਦਿੱਲੀ ਅਤੇ ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਉ ਸਾਂਝੇ ਤੌਰ ’ਤੇ ਦੂਜੇ ਸਥਾਨ ’ਤੇ ਰਹੇ ਹਨ। ਇਸ ਵਾਰ ਪੀ.ਜੀ.ਆਈ. 2.0 ਤਹਿਤ ਸੂਬਿਆਂ ਨੂੰ ਦਰਜਾਬੰਦੀ ਦੇਣ ਦੀ ਬਜਾਏ ਗ੍ਰੇਡਿੰਗ ਪ੍ਰਣਾਲੀ ਵਿਚ ਵੰਡਿਆ ਗਿਆ ਹੈ, ਤਾਂ ਜੋ ਸਿੱਖਿਆ ਦੇ ਖੇਤਰ ਵਿਚ ਇਕ ਸਕਾਰਾਤਮਕ ਅਤੇ ਸੰਤੁਲਿਤ ਮੁਕਾਬਲਾ ਪੈਦਾ



ਕੀਤਾ ਜਾ ਸਕੇ।

ਇਸ ਰੀਪੋਰਟ ਵਿਚ 70 ਵੱਖ-ਵੱਖ ਸੂਚਕਾਂ ਦੇ ਅਧਾਰ ’ਤੇ ਮੁਲਾਂਕਣ ਕੀਤਾ ਗਿਆ ਹੈ, ਜਿਨ੍ਹਾਂ ਨੂੰ ਮੁੱਖ ਤੌਰ ’ਤੇ ਦੋ ਸ਼੍ਰੇਣੀਆਂ, ਨਤੀਜੇ’ ਅਤੇ ‘ਸ਼ਾਸਨ ਤੇ ਪ੍ਰਬੰਧਨ’ ਵਿਚ ਵੰਡਿਆ ਗਿਆ ਹੈ।ਰੀਪੋਰਟ ਅਨੁਸਾਰ, 90 ਫ਼ੀ ਸਦੀ ਤੋਂ ਵੱਧ ਅੰਕਾਂ ਵਾਲੇ ਸਰਵਉੱਚ ਗ੍ਰੇਡ ‘ਉਤਕਰਸ਼’ ਵਿਚ ਕੋਈ ਵੀ ਸੂਬਾ ਥਾਂ ਨਹੀਂ ਬਣਾ ਸਕਿਆ। ਰੀਪੋਰਟ ਵਿਚ ਸਾਫ਼ ਕਿਹਾ ਗਿਆ ਹੈ ਕਿ, ‘‘ਕੋਈ ਵੀ ਸੂਬਾ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਉਤਕਰਸ਼, ਉੱਤਮ-1 ਅਤੇ ਉੱਤਮ-2 ਗ੍ਰੇਡ ਪ੍ਰਾਪਤ ਨਹੀਂ ਕਰ ਸਕਿਆ ਅਤੇ ਚੰਡੀਗੜ੍ਹ ਇਕੱਲਾ ਅਜਿਹਾ ਕੇਂਦਰ ਸ਼ਾਸਿਤ ਪ੍ਰਦੇਸ਼ ਹੈ ਜੋ ਉੱਤਮ-3 (61-70 ਫ਼ੀ ਸਦੀ ) ਸ਼੍ਰੇਣੀ ਵਿਚ ਸ਼ਾਮਲ ਹੋਇਆ ਹੈ।’’

ਜੇਕਰ ਜ਼ਿਲ੍ਹਿਆਂ ਦੀ ਗੱਲ ਕੀਤੀ ਜਾਵੇ, ਤਾਂ ਦੇਸ਼ ਭਰ ਦੇ ਕੁਲ 19 ਜ਼ਿਲ੍ਹਿਆਂ ਨੇ 70 ਫ਼ੀ ਸਦੀ ਤੋਂ ਵੱਧ ਅੰਕ ਪ੍ਰਾਪਤ ਕਰ ਕੇ ‘ਉੱਤਮ-2’ ਗ੍ਰੇਡ ਹਾਸਲ ਕੀਤਾ ਹੈ। ਇਨ੍ਹਾਂ ਚੋਟੀ ਦੇ ਜ਼ਿਲ੍ਹਿਆਂ ਵਿਚ ਪੰਜਾਬ ਦਾ ਦਬਦਬਾ ਵੇਖਣ ਨੂੰ ਮਿਲਿਆ ਹੈ।

ਰੀਪੋਰਟ ਮੁਤਾਬਕ, ‘‘ਇਨ੍ਹਾਂ 19 ਸਰਵੋਤਮ ਪ੍ਰਦਰਸ਼ਨ ਕਰਨ ਵਾਲੇ ਜ਼ਿਲ੍ਹਿਆਂ ਵਿਚ ਦਿੱਲੀ ਦੇ ਚਾਰ, ਪੰਜਾਬ ਦੇ ਸੱਤ, ਕੇਰਲ ਦੇ ਤਿੰਨ ਅਤੇ ਮਹਾਰਾਸ਼ਟਰ ਦੇ ਦੋ ਜ਼ਿਲ੍ਹੇ ਸ਼ਾਮਲ ਹਨ।’’ ਇਸ ਤੋਂ ਇਲਾਵਾ ਚੰਡੀਗੜ੍ਹ, ਦੀਉ ਅਤੇ ਹਿਮਾਚਲ ਪ੍ਰਦੇਸ਼ ਦਾ ਹਮੀਰਪੁਰ ਵੀ ਇਸ ਸੂਚੀ ਵਿਚ ਸ਼ਾਮਲ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਤਲੁਜ ਫ਼ਿਲਮ 'ਤੇ ਪਾਬੰਦੀ ਦੀ ਕੀਤੀ ਨਿੰਦਾ

**ਸ੍ਰੀ ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਜੀਵਨ ਉੱਤੇ ਬਣੀ ਫ਼ਿਲਮ ਸਤਲੁਜ ਦਾ ਪ੍ਰਸਾਰਣ ਭਾਰਤ ਅੰਦਰ ਰੋਕਣ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਵਿਚਾਰਾਂ ਦੀ ਅਜ਼ਾਦੀ ਨੂੰ ਦਬਾਉਣ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸੰਸਾਰ ਵਿੱਚ ਵਿਚਾਰ ਦੇਣ ਦੀ ਖੁੱਲ੍ਹ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੀ ਗੱਲ ਵੀ ਵੱਡੇ ਪੱਧਰ ਉੱਤੇ ਹੁੰਦੀ ਹੈ ਤਾਂ ਦੇਸ਼ ਅੰਦਰ ਘੱਟ-ਗਿਣਤੀ ਸਿੱਖਾਂ ਵਿਰੁੱਧ ਕੀਤੇ ਗਏ ਤਸ਼ੱਦਦ ਨੂੰ ਦੁਨੀਆ ਦੇ ਸਾਹਮਣੇ ਆਉਣ ਤੋਂ ਰੋਕਣਾ ਗ਼ੈਰ-ਸੰਵਿਧਾਨਕ ਅਤੇ ਧੱਕੇ ਵਾਲੀ ਕਾਰਵਾਈ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ 1990 ਦੇ ਦਹਾਕੇ ਅੰਦਰ ਜਦੋਂ ਸਿੱਖ ਨੌਜਵਾਨਾਂ ਦਾ ਕਤਲੇਆਮ ਅਤੇ ਝੂਠੇ ਪੁਲਿਸ ਮੁਕਾਬਲੇ ਕੀਤੇ ਗਏ ਤਾਂ ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਸੰਘਰਸ਼ ਅਤੇ ਮਿਹਨਤ ਨਾਲ ਕਤਲ ਕੀਤੇ ਨੌਜਵਾਨਾਂ ਦੇ ਵੇਰਵੇ ਇਕੱਤਰ ਕਰਕੇ ਦੁਨੀਆ ਦੇ ਸਾਹਮਣੇ ਰੱਖੇ। ਉਨ੍ਹਾਂ ਕਿਹਾ ਕਿ ਭਾਈ ਖਾਲੜਾ ਦੀ ਕਹਾਣੀ ਮਨੁੱਖੀ ਅਧਿਕਾਰਾਂ ਦੀ ਹੋਈ ਵੱਡੀ ਉਲੰਘਣਾ ਨੂੰ ਉਜਾਗਰ ਕਰਦੀ ਹੈ ਅਤੇ ਸੱਚ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ ਉਹ ਹਮੇਸ਼ਾ ਸਾਹਮਣੇ ਆ ਕੇ ਹੀ ਰਹਿੰਦਾ ਹੈ। ਉਨ੍ਹਾਂ ਜ਼ੋਰ ਦੇ ਕਿ ਕਿਹਾ ਅੱਜ ਜਦੋਂ ਦੇਸ਼ ਅੰਦਰ ਵੱਖ-ਵੱਖ ਭਾਈਚਾਰਿਆਂ ਖ਼ਾਸਕਰ ਬਹੁ-ਗਿਣਤੀ ਉੱਤੇ ਹੋਏ ਤਸ਼ੱਦਦ ਬਾਰੇ ਫ਼ਿਲਮਾਂ ਅਜ਼ਾਦੀ ਨਾਲ ਦਿਖਾਈਆਂ ਜਾ ਸਕਦੀਆਂ ਹਨ ਤਾਂ ਘੱਟ-ਗਿਣਤੀ ਸਿੱਖਾਂ ਉੱਤੇ ਹੋਏ ਤਸ਼ੱਦਦ ਬਾਰੇ ਫ਼ਿਲਮ ਦੀ ਅਵਾਜ਼ ਦਬਾਉਣਾ ਬਿਲਕੁਲ ਉਚਿਤ ਨਹੀਂ।



ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਨੂੰ ਦਿਲ ਵੱਡਾ ਕਰਦਿਆਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਉਜਾਗਰ ਕੀਤਾ ਸੱਚ ਦੇਸ਼ ਵਾਸੀਆਂ ਦੇ ਸਾਹਮਣੇ ਆਉਣ ਦੇਣਾ ਚਾਹੀਦਾ ਹੈ ਅਤੇ ਸਤਲੁਜ ਫ਼ਿਲਮ ਦਾ ਪ੍ਰਸਾਰਣ ਹੋਣ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੱਚ ਤੋਂ ਜਿਤਨਾ ਦੂਰ ਭੱਜਿਆ ਜਾਵੇ ਸੱਚ ਉਤਨਾ ਹੀ ਜ਼ੋਰ ਨਾਲ ਦੁਨੀਆ ਦੇ ਸਾਹਮਣੇ ਪ੍ਰਤੱਖ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਜੁਰਮ ਕਰਨ ਵਾਲਾ ਕਦੇ ਵੀ ਬਚ ਨਹੀਂ ਸਕਦਾ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਮੇਂ-ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਰਾਹੀਂ ਸਾਹਮਣੇ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀ.ਬੀ.ਆਈ ਅਦਾਲਤ ਵੱਲੋਂ ਹੁਣ ਤੱਕ ਬਹੁਤ ਸਾਰੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਦੇ ਕੇਸਾਂ ਵਿੱਚ ਦੋਸ਼ੀ ਠਹਿਰਾ ਕੇ ਸਜ਼ਾਵਾਂ ਦਿੱਤੀਆਂ ਜਾ ਚੁੱਕੀਆਂ ਹਨ, ਇਸ ਲਈ ਸਰਕਾਰ ਨੂੰ ਸਿੱਖਾਂ ਅਤੇ ਪੰਜਾਬ ਪ੍ਰਤੀ ਆਪਣੀ ਪਹੁੰਚ ਬਦਲਣ ਦੀ ਲੋੜ ਹੈ।

# 6 ਕਤਲ ਕਰਨ ਵਾਲਾ ਮੁਲਜ਼ਮ ਪੁਲੀਸ ਮੁਕਾਬਲੇ ਦੌਰਾਨ ਢੇਰ

**ਲਖਨਊ।** ਯੂਪੀ ਸਪੈਸ਼ਲ ਟਾਸਕ ਫੋਰਸ ਨੇ ਅੱਜ ਸਵੇਰੇ 4 ਵਜੇ ਅੰਬੇਡਕਰ ਨਗਰ ਵਿੱਚ ਇੱਕ ਮੁਕਾਬਲੇ ਵਿੱਚ ਆਸਿਫ਼ ਅਲੀ (40) ਨੂੰ ਢੇਰ ਕਰ ਦਿੱਤਾ। ਜਦੋਂ ਐਸਟੀਐਫ ਨੇ ਉਸਨੂੰ ਘੇਰ ਲਿਆ, ਤਾਂ ਉਸਨੇ ਗੋਲੀਬਾਰੀ ਕੀਤੀ। ਜਵਾਬੀ ਕਾਰਵਾਈ ਵਿੱਚ ਉਸਦੀ ਛਾਤੀ ਵਿੱਚ ਦੋ ਗੋਲੀਆਂ ਲੱਗੀਆਂ, ਜਿਸ ਨਾਲ ਉਸਦੀ ਮੌਤ ਹੋ ਗਈ। ਇਹ ਮੁਕਾਬਲਾ ਜ਼ਿਲ੍ਹਾ ਹੈਡਕੁਆਰਟਰ ਤੋਂ 25 ਕਿਲੋਮੀਟਰ ਦੂਰ ਜਗਦੀਸ਼ਪੁਰ ਪਿੰਡ ਦੇ ਨੇੜੇ ਹੋਇਆ। ਆਸਿਫ਼ ਛੈਮਾਰ ਗੈਂਗ ਦਾ ਆਗੂ ਸੀ ਅਤੇ ਛੇ ਕਤਲਾਂ ਵਿੱਚ ਲੋੜੀਂਦਾ ਸੀ, ਜਿਸ ਵਿੱਚ ਇੱਕ ਪਤੀ-ਪਤਨੀ ਦਾ ਕਤਲ ਵੀ ਸ਼ਾਮਲ ਸੀ। ਅਪਰਾਧੀ ਰਾਤ ਨੂੰ ਆਪਣੇ ਸਾਥੀਆਂ ਨਾਲ ਸਿਰਫ਼ ਬ੍ਰੀਫ਼ ਅਤੇ ਵੈਸਟ ਪਹਿਨ ਕੇ ਘਰਾਂ ਵਿੱਚ ਦਾਖਲ ਹੁੰਦਾ ਸੀ ਅਤੇ ਡਕੈਤੀਆਂ ਕਰਦਾ ਸੀ। ਉਹ ਪਰਿਵਾਰ ਨੂੰ ਬੰਧਕ ਬਣਾਉਂਦਾ ਸੀ। ਡਕੈਤੀ ਤੋਂ ਬਾਅਦ, ਉਹ ਕਤਲ ਕਰ ਦਿੰਦਾ ਸੀ ਅਤੇ ਭੱਜ ਜਾਂਦਾ ਸੀ। ਫਿਰ ਉਹ ਆਪਣਾ ਨਾਮ ਬਦਲ ਲੈਂਦਾ ਸੀ ਅਤੇ ਕਿਸੇ ਹੋਰ ਰਾਜ ਜਾਂ ਜ਼ਿਲ੍ਹੇ ਵਿੱਚ ਲੁਕ ਜਾਂਦਾ ਸੀ। ਉਸਦੇ ਲਗਭਗ ਸਾਰੇ



ਅਪਰਾਧ ਇਸੇ ਪੈਟਰਨ ਦੀ ਪਾਲਣਾ ਕਰਦੇ ਸਨ।ਨੋਇਡਾ ਐਸਟੀਐਫ ਯੂਨਿਟ ਦੇ ਵਧੀਕ ਪੁਲੀਸ ਸੁਪਰਡੈਂਟ ਰਾਜਕੁਮਾਰ ਮਿਸ਼ਰਾ ਨੇ ਦੱਸਿਆ ਕਿ ਉਸਨੇ ਜੌਨਪੁਰ ਵਿੱਚ ਦੋ ਔਰਤਾਂ ਨੂੰ ਲੁੱਟਿਆ ਸੀ ਅਤੇ ਤਿੰਨ ਹੋਰਾਂ ਨੂੰ ਮਾਰ ਦਿੱਤਾ ਸੀ, ਪਰ ਉਹ ਬਚ ਗਈਆਂ ਸਨ। ਉਸ ਸਮੇਂ, ਜੌਨਪੁਰ ਪੁਲੀਸ ਨੇ ਉਸ ਤੇ ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ ਸੀ। ਉਸ ਵਿਰੁੱਧ ਯੂਪੀ, ਰਾਜਸਥਾਨ ਅਤੇ ਹਰਿਆਣਾ ਵਿੱਚ 20 ਮਾਮਲੇ ਦਰਜ ਸਨ।

# ਖਾਮੇਨੇਈ ਦੀ ਅੰਤਿਮ ਯਾਤਰਾ ਵਿਚਾਲੇ ਹੋਰਮੁਜ਼ 'ਚ ਇਰਾਨੀ ਹਮਲੇ, ਕਿਹਾ, 'ਜਹਾਜ਼ ਸਾਡੇ ਦੱਸੇ ਰੂਟ ਤੋਂ ਨਹੀਂ ਲੰਘ ਰਹੇ'

## 'ਇਸ ਤੋਂ ਬਿਨਾਂ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ'



**ਤਹਿਰਾਨ:** ਸਾਬਕਾ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਦੀ ਅੰਤਿਮ ਯਾਤਰਾ ਦੇ ਵਿਚਕਾਰ ਇਰਾਨ ਨੇ ਮੰਗਲਵਾਰ ਨੂੰ ਹੋਰਮੁਜ਼ ਵਿੱਚ ਫਿਰ ਹਮਲੇ ਸ਼ੁਰੂ ਕਰ ਦਿੱਤੇ ਹਨ। ਸਰਕਾਰੀ ਮੀਡੀਆ ਪ੍ਰੀਭ ਨੇ ਦਾਅਵਾ ਕੀਤਾ ਕਿ ਹੋਰਮੁਜ਼ ਵਿੱਚ ਕਤਰ ਦੇ ਤੇਲ ਟੈਂਕਰ ਅਲ-ਰਕਾਇਤ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਦੇ ਨਾਲ ਹੀ ਯੂਨਾਈਟਿਡ ਕਿੰਗਡਮ ਮੈਰੀਟਾਈਮ ਟ੍ਰੇਡ ਆਪ੍ਰੇਸ਼ਨਜ਼ (ਖੰਠੋ) ਦੇ ਮੁਤਾਬਕ ਓਮਾਨ ਦੇ ਤੱਟ ਦੇ ਨੇੜੇ ਦੋ ਹੋਰ ਜਹਾਜ਼ਾਂ 'ਤੇ ਹਮਲੇ ਹੋਏ ਹਨ। ਇਰਾਨ ਨੇ ਕਿਹਾ ਕਿ ਹੋਰਮੁਜ਼ ਤੋਂ ਕਮਰਸ਼ੀਅਲ ਜਹਾਜ਼ ਸਾਡੇ ਦੱਸੇ ਹੋਏ ਰਸਤਿਆਂ ਤੋਂ ਨਹੀਂ ਲੰਘ ਰਹੇ ਹਨ। ਇਸ ਤੋਂ ਬਿਨਾਂ ਅਸੀਂ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦੇ। ਇਰਾਨ ਨੇ ਕਿਹਾ ਕਿ ਅਜੇ ਹੋਰਮੁਜ਼ ਵਿੱਚ ਹਾਲਾਤ ਅਜਿਹੇ ਨਹੀਂ ਹੋਏ ਹਨ, ਜਿਵੇਂ ਅਮਰੀਕੀ ਹਮਲਿਆਂ ਤੋਂ ਪਹਿਲਾਂ ਸਨ। ਇਸ ਦੌਰਾਨ ਅਯਾਤੁੱਲਾ ਅਲੀ ਖਾਮੇਨੇਈ ਦੀ ਅੰਤਿਮ ਯਾਤਰਾ ਮੰਗਲਵਾਰ ਨੂੰ ਸ਼ੀਆ ਭਾਈਚਾਰੇ ਦੇ ਧਾਰਮਿਕ ਸ਼ਹਿਰ ਕੋਮ ਪਹੁੰਚੀ। ਜਨਾਜ਼ੇ ਵਿੱਚ ਲੱਖਾਂ ਲੋਕਾਂ ਨੇ ਲਾਲ ਕੱਪੜਾ ਚੜ੍ਹਾਇਆ। ਇਸ ਨੂੰ ਇਸਲਾਮਿਕ ਪਰੰਪਰਾ ਵਿੱਚ ਬਦਲੇ ਜਾਂ ਖ਼ੂਨ ਦੀ ਮੰਗ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਲੱਖਾਂ ਲੋਕ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਪਹੁੰਚੇ। ਖਾਮੇਨੇਈ ਨੇ ਆਪਣੀ ਸ਼ੁਰੂਆਤੀ ਇਸਲਾਮੀ ਸਿੱਖਿਆ ਇੱਥੇ ਹੀ ਹਾਸਲ ਕੀਤੀ ਸੀ। ਖਾਮੇਨੇਈ ਦੇ ਤਾਬੂਤ 'ਤੇ ਉਨ੍ਹਾਂ ਦੀ ਕਾਲੀ ਪੱਗ ਰੱਖੀ ਗਈ ਹੈ। ਇਸਲਾਮੀ ਪਰੰਪਰਾ ਵਿੱਚ ਅਜਿਹੀ ਪੱਗ ਸਿਰਫ਼ ਵੱਡੇ ਧਾਰਮਿਕ ਵਿਦਵਾਨ ਹੀ ਪਹਿਨਦੇ ਹਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਫਿਰ ਚਰਚਾ ਵਿਚ ਆਈ ਅੰਬਾਂ ਦੀ ਮਲਿਕਾ 'ਨੂਰਜਹਾਂ'

## ਅਪਣੇ ਸਾਈਜ਼ ਅਤੇ ਵਜ਼ਨ ਕਰਕੇ ਮਸ਼ਹੂਰ ਐ ਇਹ ਅੰਬ



**ਮੋਹਾਲੀ :** ਤੁਸੀਂ ਅੰਬ ਤਾਂ ਬਥੇਰੇ ਦੇਖੇ ਅਤੇ ਖਾਧੇ ਹੋਣਗੇ, ਪਰ ਕੀ ਤੁਸੀਂ ਕਦੇ ਅਜਿਹੀ ਕਿਸਮ ਦੇ ਅੰਬ ਖਾਧੇ ਨੇ ਜਿਸ ਦੇ ਇਕ ਅੰਬ ਦਾ ਵਜ਼ਨ ਹੀ ਚਾਰ ਕਿਲੋ ਦੇ ਕਰੀਬ ਹੋਵੇ। ਕਹਿਣ ਸੁਣਨ ਵਿਚ ਇਹ ਗੱਲ ਭਾਵੇਂ ਬਹੁਤ ਅਜ਼ੀਬ ਲਗਦੀ ਹੈ, ਪਰ ਅਜਿਹੀ ਖ਼ਾਸ ਕਿਸਮ ਦੇ ਅੰਬ ਭਾਰਤ ਵਿਚ ਮੌਜੂਦ ਨੇ। ਜੀ ਹਾਂ, ਇਹ ਖ਼ਾਸੀਅਤ ਨੂਰਜਹਾਂ ਕਿਸਮ ਦੇ ਅੰਬਾਂ ਵਿਚ ਪਾਈ ਜਾਂਦੀ ਐ। ਮੱਧ ਪ੍ਰਦੇਸ਼ ਦੇ ਕਾਠੀਵਾੜਾ ਵਿਖੇ 'ਨੂਰਜਹਾਂ' ਕਿਸਮ ਦਾ ਇਕ ਅੰਬ 3800 ਰੁਪਏ ਵਿਚ ਵਿਕਿਆ। ਸੋ ਆਓ ਤੁਹਾਨੂੰ ਦੱਸਦੇ ਆਂ,, ਕੀ ਨੇ ਨੂਰਜਹਾਂ ਅੰਬ ਦੀਆਂ ਖ਼ਾਸੀਅਤਾਂ, ਜਿਸ ਬਾਰੇ ਸੁਣ ਕੇ ਤੁਸੀਂ ਵੀ ਹੈਰਾਨ ਰਹਿ ਜਾਓਗੇ। ਮੱਧ ਪ੍ਰਦੇਸ਼ ਦੇ ਅਲੀਰਾਜਪੁਰ ਜ਼ਿਲ੍ਹੇ ਦੇ ਕਾਠੀਵਾੜਾ ਵਿਖੇ ਅੰਬਾਂ ਦੀ ਇਕ ਦੁਰਲੱਭ ਕਿਸਮ 'ਨੂਰਜਹਾਂ' ਕਾਫ਼ੀ ਚਰਚਾ ਦਾ ਵਿਸ਼ਾ ਬਣੀ ਹੋਈ ਐ ਕਿਉਂਕਿ ਇਸ ਨਸਲ ਦਾ ਇਕ ਅੰਬ ਹੀ 3800 ਰੁਪਏ ਵਿਚ ਵਿਕਿਆ ਏ,, ਜਿਸ ਦਾ ਵਜ਼ਨ 3.3 ਕਿਲੋਗ੍ਰਾਮ ਸੀ। ਦਰਅਸਲ ਇਹ ਖ਼ਾਸ ਕਿਸਮ ਦੇ ਅੰਬ ਅਪਣੀ ਇਸੇ ਖ਼ਾਸੀਅਤ ਕਾਰਨ ਦੁਨੀਆ ਭਰ ਵਿਚ ਮਸ਼ਹੂਰ ਨੇ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਨਰਸ ਪਤਨੀ ਨੇ ਡਰਿੱਪ 'ਚ ਟਾਇਲਟ ਕਲੀਨਰ ਪਾ ਕੇ ਪਤੀ ਦੀ ਕੀਤੀ ਹੱਤਿਆ




**ਨਿਜ਼ਾਮਾਬਾਦ :** ਤੇਲੰਗਾਨਾ ਵਿੱਚ ਇੱਕ ਨਰਸ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ 35 ਸਾਲ ਦੇ ਪਤੀ ਦਾ ਕਤਲ ਕਰ ਦਿੱਤਾ। ਪੁਲਿਸ ਅਨੁਸਾਰ, ਮਹਿਲਾ ਨੇ 30 ਜੂਨ ਨੂੰ ਪਤੀ ਨੂੰ ਛੱਤ ਤੋਂ ਧੱਕਾ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਉਹ ਬਚ ਗਿਆ, ਤਾਂ ਹਸਪਤਾਲ ਵਿੱਚ ਇਲਾਜ ਦੌਰਾਨ ਉਸ ਦੀ ਨਸ ਵਿੱਚ ਲੱਗੀ ਡ੍ਰਿਪ ਵਿੱਚ ਟਾਇਲਟ ਕਲੀਨਰ ਇੰਜੈਕਟ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਇਸ ਮਾਮਲੇ ਵਿੱਚ ਮੁਲਜ਼ਮ ਮਹਿਲਾ 32 ਸਾਲਾ ਸੰਧਿਆ, ਉਸ ਦੇ ਪ੍ਰੇਮੀ ਅਨਿਲ ਅਤੇ ਉਸ ਦੇ ਦੋਸਤ ਵੈਂਕਟ ਸਾਈਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਏਜੰਸੀਆਂ ਦਾ ਦਾਅਵਾ ਹੈ ਕਿ ਇਹ ਕਤਲ ਪਹਿਲਾਂ ਤੋਂ ਰਚੀ ਗਈ ਸਾਜ਼ਿਸ਼ ਦਾ ਹਿੱਸਾ ਸੀ, ਜਿਸ ਦੀ ਵਜ੍ਹਾ ਸੰਧਿਆ ਦਾ ਬਾਹਰੀ ਪ੍ਰੇਮ ਸੰਬੰਧ ਸੀ। ਇਹ ਪੂਰੀ ਘਟਨਾ ਨਿਜ਼ਾਮਾਬਾਦ ਜ਼ਿਲ੍ਹੇ ਦੇ ਮੋਪਾਲ ਮੰਡਲ ਦੇ ਨਿਆਲਾਕਲ ਪਿੰਡ ਦੀ ਹੈ। ਇਸ ਦੀ ਖ਼ਬਰ ਸੋਮਵਾਰ ਨੂੰ ਸਾਹਮਣੇ ਆਈ।

## ਖਰੜ ਨੇੜੇ ਭਾਰਤ ਮਾਲਾ ਐਕਸਪ੍ਰੈਸ ਹਾਈਵੇ 'ਤੇ ਦਰਦਨਾਕ ਹਾਦਸਾ, ਹਿਮਾਚਲ ਦੇ ਨਵ-ਵਿਆਹੇ ਜੋੜੇ ਸਮੇਤ 3 ਦੀ ਮੌਤ



**ਖਰੜ:** ਖਰੜ ਨੇੜਿਓਂ ਨਿਕਲਦੇ ਭਾਰਤ ਮਾਲਾ ਐਕਸਪ੍ਰੈਸ ਹਾਈਵੇ 'ਤੇ ਟੋਲ ਪਲਾਜ਼ਾ ਦੇ ਕੋਲ ਇੱਕ ਬੇਹੱਦ ਦਰਦਨਾਕ ਸੜਕ ਹਾਦਸਾ ਵਾਪਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਹਾਦਸੇ ਵਿੱਚ ਹਿਮਾਚਲ ਪ੍ਰਦੇਸ਼ ਦੇ ਰਹਿਣ ਵਾਲੇ ਇੱਕ ਨਵ-ਵਿਆਹੇ ਪਤੀ-ਪਤਨੀ ਅਤੇ ਇੱਕ ਬਜ਼ੁਰਗ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਪਤੀ-ਪਤਨੀ ਦਾ ਵਿਆਹ ਅਜੇ ਤਿੰਨ ਮਹੀਨੇ ਪਹਿਲਾਂ ਹੀ ਹੋਇਆ ਸੀ।

**ਟਰਾਲੇ ਦੇ ਅਚਾਨਕ ਬਰੇਕ ਲਗਾਉਣ ਕਾਰਨ ਵਾਪਰਿਆ ਹਾਦਸਾ**

ਮਿਲੀ ਜਾਣਕਾਰੀ ਅਨੁਸਾਰ, ਹਾਈਵੇ 'ਤੇ ਜਾ ਰਹੇ ਇੱਕ ਟਰਾਲੇ ਦੇ ਚਾਲਕ ਵੱਲੋਂ ਅਚਾਨਕ ਬਰੇਕ ਲਗਾ ਦਿੱਤੀ ਗਈ। ਟਰਾਲੇ ਦੀ ਸਪੀਡ ਤੇਜ਼ ਹੋਣ ਅਤੇ ਅਚਾਨਕ ਬਰੇਕ ਲੱਗਣ ਕਾਰਨ ਪਿੱਛੇ ਆ ਰਹੀ ਕਾਰ ਬੇਕਾਬੂ ਹੋ ਕੇ ਸਿੱਧੀ ਟਰਾਲੇ ਦੇ ਪਿੱਛੇ ਜਾ ਟਕਰਾਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਅਤੇ ਕਾਰ ਸਵਾਰ ਤਿੰਨਾਂ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

**ਘੜੂੰਆਂ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ**

ਹਾਦਸੇ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲਿਸ ਮੌਕੇ 'ਤੇ ਪਹੁੰਚ ਗਈ। ਇਸ ਮਾਮਲੇ ਦੀ ਜਾਂਚ ਘੜੂੰਆਂ ਥਾਣੇ ਦੀ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਹਾਦਸੇ ਦੇ ਅਸਲ ਕਾਰਨਾਂ ਦੀ ਬਾਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ।

## ਜੰਮੂ-ਕਸ਼ਮੀਰ ਦੇ ਡੋਡਾ ਵਿੱਚ ਬੱਦਲ ਫਟਣ ਕਾਰਨ ਹੜ੍ਹ, ਪਹਾੜਾਂ ਤੋਂ ਡਿੱਗੇ ਪੱਥਰਾਂ ਅਤੇ ਮਿੱਟੀ ਨਾਲ ਘਰ-ਦੁਕਾਨਾਂ ਨੂੰ ਪਹੁੰਚਿਆ ਨੁਕਸਾਨ

**ਡੋਡਾ:** ਜੰਮੂ-ਕਸ਼ਮੀਰ ਦੇ ਡੋਡਾ ਵਿੱਚ ਉੱਪਰਲੇ ਇਲਾਕੇ ਵਿੱਚ ਬੱਦਲ ਫਟਣ ਕਾਰਨ ਹੜ੍ਹ ਆ ਗਿਆ। ਪਹਾੜਾਂ ਤੋਂ ਪੱਥਰ ਅਤੇ ਮਲਬਾ ਡਿੱਗਣ ਕਾਰਨ ਘਰਾਂ ਅਤੇ ਦੁਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ। ਸੜਕਾਂ 'ਤੇ ਕਈ ਗੱਡੀਆਂ ਮਲਬੇ ਹੇਠਾਂ ਦੱਬ ਗਈਆਂ। ਮਹਾਰਾਸ਼ਟਰ ਦੇ ਕਈ ਜ਼ਿਲ੍ਹਿਆਂ ਵਿੱਚ ਲਗਾਤਾਰ ਭਾਰੀ ਬਾਰਸ਼ ਹੋ ਰਹੀ ਹੈ। ਮੁੰਬਈ ਵਿੱਚ ਪਿਛਲੇ 48 ਘੰਟਿਆਂ ਵਿੱਚ ਲਗਭਗ 15 ਇੰਚ (380 ਮਿਲੀਮੀਟਰ) ਬਾਰਸ਼ ਦਰਜ ਕੀਤੀ ਗਈ। ਮੁੰਬਈ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ-ਕਾਲਜਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ ਗਿਆ ਹੈ। ਨਾਸਿਕ ਵਿੱਚ ਵੀ ਅੱਜ ਸਾਰੇ ਸਕੂਲ ਅਤੇ ਕਾਲਜ ਬੰਦ ਹਨ। ਤ੍ਰਿਅੰਬਕੇਸ਼ਵਰ ਮੰਦਰ ਅਤੇ ਮਹਾਰਾਸ਼ਟਰ ਦੇ ਸਾਢੇ ਤਿੰਨ ਸ਼ਕਤੀਪੀਠਾਂ ਵਿੱਚ ਸ਼ਾਮਲ ਸਪਤਸ਼੍ਰਿੰਗੀ ਮੰਦਰ ਵੀ ਅੱਜ



ਸ਼ਰਧਾਲੂਆਂ ਲਈ ਬੰਦ ਰਹਿਣਗੇ। ਦੂਜੇ ਪਾਸੇ, ਮੱਧ ਪ੍ਰਦੇਸ਼ ਵਿੱਚ ਪਿਛਲੇ 24 ਘੰਟਿਆਂ ਵਿੱਚ 35 ਤੋਂ ਵੱਧ ਜ਼ਿਲ੍ਹਿਆਂ ਵਿੱਚ ਬਾਰਸ਼ ਹੋਈ। ਖਜੁਰਾਹੋ ਵਿੱਚ ਸਭ ਤੋਂ ਵੱਧ 4.4 ਇੰਚ ਬਾਰਸ਼ ਦਰਜ ਕੀਤੀ ਗਈ। ਬਮੀਠਾ ਵਿੱਚ ਨੈਸ਼ਨਲ ਹਾਈਵੇਅ-39 'ਤੇ 3 ਫੁੱਟ ਤੱਕ ਪਾਣੀ ਭਰ ਗਿਆ। ਬਾਲਾਘਾਟ ਵਿੱਚ ਬਾਘ ਨਦੀ ਦੇ ਉਫ਼ਾਨ 'ਤੇ ਆਉਣ ਕਰਕੇ ਪੁਲ ਨਿਰਮਾਣ ਦੇ ਕੰਮ ਵਿੱਚ ਲੱਗੀ ਕਾਰ, ਜੇਸੀਬੀ ਅਤੇ ਲੋਡਰ ਤੇਜ਼ ਵਹਾਅ ਵਿੱਚ ਰੁੜ੍ਹ ਗਏ।

SHAM LAL CHANDER
ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਪੇਨ ਨੇ ਪੁਰਤਗਾਲ ਨੂੰ ਹਰਾ ਕੇ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿਚ ਬਣਾਈ ਜਗ੍ਹਾ

**ਅਰਲਿੰਗਟਨ (ਟੈਕਸਾਸ) :** ਇਕ ਰੋਮਾਂਚਕ ਅਤੇ ਯਾਦਗਾਰੀ ਮੁਕਾਬਲੇ ਵਿਚ ਸਪੇਨ ਨੇ ਪੁਰਤਗਾਲ ਨੂੰ 1-0 ਨਾਲ ਹਰਾ ਕੇ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿਚ ਪ੍ਰਵੇਸ਼ ਕਰ ਲਿਆ ਹੈ। ਇਸ ਹਾਰ ਦੇ ਨਾਲ ਹੀ ਪੁਰਤਗਾਲ ਦੇ ਮਹਾਨ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਦਾ ਵਿਸ਼ਵ ਕੱਪ ਜਿੱਤਣ ਦਾ ਸੁਪਨਾ ਅਤੇ ਸਫ਼ਰ ਹਮੇਸ਼ਾ ਲਈ ਖ਼ਤਮ ਹੋ ਗਿਆ। 41 ਸਾਲ ਦੇ ਰੋਨਾਲਡੋ ਦਾ ਇਹ ਛੇਵਾਂ ਅਤੇ ਆਖਰੀ ਵਿਸ਼ਵ ਕੱਪ ਸੀ। ਮੈਚ ਦਾ ਇਕਲੌਤਾ ਅਤੇ ਨਿਰਣਾਇਕ ਗੋਲ ਸਪੇਨ ਦੇ ਬਦਲਵੇਂ ਖਿਡਾਰੀ ਮਿਕੇਲ ਮੇਰੀਨੋ ਨੇ ਦੂਜੇ ਹਾਫ਼ ਦੇ ਸਟੋਪੇਜ ਟਾਈਮ (91ਵੇਂ ਮਿੰਟ) ਵਿਚ ਕੀਤਾ।



ਇਸ ਸ਼ਾਨਦਾਰ ਜਿੱਤ ਤੋਂ ਬਾਅਦ ਸਪੇਨ ਦੇ ਕੋਚ ਲੂਈਸ ਡੇ ਲਾ ਫੂਐਂਟੇ ਨੇ ਅਪਣੇ ਖਿਡਾਰੀਆਂ, ਖਾਸ ਕਰ ਕੇ ਸਬਸਟੀਟਿਊਟਸ ਦੀ ਤਾਰੀਫ਼ ਕਰਦਿਆਂ ਕਿਹਾ, ''ਉਹ ਅਪਣੇ ਪੁਜੀਸ਼ਨ 'ਤੇ ਦੁਨੀਆਂ ਦੇ ਸੱਭ ਤੋਂ ਬਿਹਤਰੀਨ ਖਿਡਾਰੀਆਂ 'ਚੋਂ ਇਕ ਹੈ, ਅਤੇ ਉਸ ਨੇ ਸਾਨੂੰ ਇਕ ਸ਼ਾਨਦਾਰ ਨਤੀਜਾ ਅਤੇ ਇਕ ਸ਼ਾਨਦਾਰ ਗੋਲ ਦਿਤਾ ਹੈ।''

ਉਨ੍ਹਾਂ ਅੱਗੇ ਕਿਹਾ, ''ਮੈਂ ਮੈਚ ਵਿਚ ਬਾਅਦ ਵਿਚ ਆਏ ਬਦਲਵੇਂ ਖਿਡਾਰੀਆਂ ਦੇ ਮਹੱਤਵ ਨੂੰ ਪ੍ਰਗਟ ਕਰਨਾ ਚਾਹੁੰਦਾ ਹਾਂ।''

ਦੂਜੇ ਪਾਸੇ, ਮੈਚ ਹਾਰਨ ਅਤੇ ਵਿਸ਼ਵ ਕੱਪ 'ਚੋਂ ਬਾਹਰ ਹੋਣ ਤੋਂ ਬਾਅਦ ਵੀ ਸਟਾਰ ਖਿਡਾਰੀ ਰੋਨਾਲਡੋ ਕਾਫੀ ਸ਼ਾਂਤ ਨਜ਼ਰ ਆਏ। ਅਪਣੇ ਆਖਰੀ ਮੈਚ ਬਾਰੇ ਗੱਲ ਕਰਦਿਆਂ ਰੋਨਾਲਡੋ ਨੇ ਭਾਵੁਕ ਪਰ ਦ੍ਰਿੜ ਸ਼ਬਦਾਂ ਵਿਚ ਕਿਹਾ, ''ਮੈਂ ਕੱਲ੍ਹ ਉਸੇ ਤਰ੍ਹਾਂ ਜਾਗਾਂਗਾ ਜਿਵੇਂ ਅੱਜ ਜਾਗਿਆ ਹਾਂ, ਇਕ ਸਾਫ਼ ਜ਼ਮੀਰ ਨਾਲ। ਮੈਂ ਅਪਣਾ ਸਰਵੋਤਮ ਦਿਤਾ।

ਮੈਂ ਪੁਰਤਗਾਲ ਨਾਲ ਤਿੰਨ ਖਿਤਾਬ ਜਿੱਤੇ। ਕ੍ਰਿਸਟੀਆਨੋ ਤੋਂ ਪਹਿਲਾਂ, ਪੁਰਤਗਾਲ ਨੇ ਕੋਈ ਖਿਤਾਬ ਨਹੀਂ ਜਿੱਤਿਆ ਸੀ। ਇਸ ਲਈ, ਮੈਂ ਖੁਸ਼ ਹਾਂ।''

ਇਸ ਜਿੱਤ ਨਾਲ ਸਪੇਨ ਨੇ ਅਪਣੀ 35 ਮੈਚਾਂ ਦੀ ਅਜੇਤੂ ਮੁਹਿੰਮ ਨੂੰ ਬਰਕਰਾਰ ਰੱਖਿਆ ਹੈ ਅਤੇ ਹੁਣ ਕੁਆਰਟਰ ਫਾਈਨਲ ਵਿਚ ਉਨ੍ਹਾਂ ਦਾ ਸਾਹ-ਮਣਾ ਬੈਲਜੀਅਮ ਨਾਲ ਹੋਵੇਗਾ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਐਸ.ਬੀ.ਐਸ ਨਗਰ ਵਿੱਚ ਡਿਜੀਟਲ ਵੈਨਾਂ ਨੂੰ ਹਰੀ ਝੰਡੀ

## ਵਿਧਾਇਕ ਬੰਗਾ ਅਤੇ ਬਲਾਚੌਰ ਵੱਲੋਂ ਪਿੰਡਾਂ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਲਈ ਐਲ.ਈ.ਡੀ ਯੁਕਤ ਮੋਬਾਈਲ ਵੈਨਾਂ ਰਵਾਨਾ







***ਸ਼ਹੀਦ ਭਗਤ ਸਿੰਘ ਨਗਰ, 7 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਆਉਣ ਵਾਲੇ *650ਵੇਂ ਪ੍ਰਕਾਸ਼ ਪੁਰਬ* ਨੂੰ ਸਮਰਪਿਤ ਇੱਕ ਵੱਡੇ ਉਪਰਾਲੇ ਤਹਿਤ ਅੱਜ *ਵਿਧਾਇਕ ਬੰਗਾ ਸੁਖਵਿੰਦਰ ਸਿੰਘ ਸੁੱਖੀ* ਅਤੇ *ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ* ਨੇ ਸਮਾਨਤਾ ਅਤੇ ਸਮਾਜਿਕ ਸਦਭਾਵਨਾ ਦਾ ਗੁਰੂ ਜੀ ਦਾ ਸੰਦੇਸ਼ ਪਿੰਡ-ਪਿੰਡ ਤੱਕ ਪਹੁੰਚਾਉਣ ਲਈ ਵਿਸ਼ੇਸ਼ ਡਿਜੀਟਲ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਹਨਾਂ ਵਿਸ਼ੇਸ਼ ਮੋਬਾਈਲ ਯੂਨਿਟਾਂ ਵਿੱਚ ਵੱਡੀਆਂ ਐਲ.ਈ.ਡੀ ਸਕ੍ਰੀਨਾਂ ਲਗਾਈਆਂ ਗਈਆਂ ਹਨ ਜਿਨ੍ਹਾਂ ਰਾਹੀਂ *ਸਤਿਗੁਰੂ ਰਵਿਦਾਸ ਮਹਾਰਾਜ ਜੀ* ਦੇ ਜੀਵਨ, ਗਹਿਰੀ ਫਿਲਾਸਫੀ ਅਤੇ ਪਵਿੱਤਰ ਉਪਦੇਸ਼ਾਂ 'ਤੇ ਅਧਾਰਿਤ *30 ਮਿੰਟ ਦੀ ਦਸਤਾਵੇਜ਼ੀ ਫਿਲਮ* ਦਿਖਾਈ ਜਾਵੇਗੀ। ਇਸ ਮੌਕੇ ਬੋਲਦਿਆਂ ਵਿਧਾਇਕ ਸੁਖਵਿੰਦਰ ਸਿੰਘ ਸੁੱਖੀ ਅਤੇ ਸੰਤੋਸ਼ ਕਟਾਰੀਆ ਨੇ 650ਵੇਂ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਅਤੇ ਇਸ ਵਿਸ਼ਾਲ ਰਾਜ-ਪੱਧਰੀ ਮੁਹਿੰਮ ਦੀ ਸ਼ੁਰੂਆਤ ਕਰਨ ਲਈ *ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ* ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਨਾ ਸਿਰਫ਼ ਇੱਕ ਮਹਾਨ ਅਧਿਆਤਮਿਕ ਗੁਰੂ ਸਨ, ਸਗੋਂ ਇੱਕ ਕ੍ਰਾਂਤੀਕਾਰੀ ਸਮਾਜ ਸੁਧਾਰਕ ਵੀ ਸਨ ਜਿਨ੍ਹਾਂ ਨੇ ਵਿਤਕਰੇ ਵਿਰੁੱਧ ਸਮਾਜਿਕ ਜਾਗਰੂਕਤਾ ਦੀ ਸ਼ੁਰੂਆਤ ਕੀਤੀ। ਉਨ੍ਹਾਂ ਹਰ ਪਿੰਡ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਦਸਤਾਵੇਜ਼ੀ ਫਿਲਮ ਨੂੰ ਜ਼ਰੂਰ ਦੇਖਣ ਤਾਂ ਜੋ ਗੁਰੂ ਜੀ ਦੀ ਅਮੀਰ ਅਧਿਆਤਮਿਕ ਵਿਰਾਸਤ ਨੂੰ ਸਮਝਿਆ ਜਾ ਸਕੇ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ *ਮੁੱਖ ਮੰਤਰੀ ਭਗਵੰਤ ਸਿੰਘ ਮਾਨ* ਨੇ ਸੰਗਰੂਰ ਤੋਂ ਰਾਜ-ਪੱਧਰ 'ਤੇ *50 ਅਜਿਹੀਆਂ ਮੋਬਾਈਲ ਦਸਤਾਵੇਜ਼ੀ ਵੈਨਾਂ* ਨੂੰ ਹਰੀ ਝੰਡੀ ਦਿਖਾਈ ਸੀ। ਇਸ ਮੁਹਿੰਮ ਦਾ ਉਦੇਸ਼ ਰਾਜ ਦੇ *23 ਜ਼ਿਲ੍ਹਿਆਂ ਦੇ ਲਗਭਗ 13,000 ਪਿੰਡਾਂ* ਤੱਕ ਪਹੁੰਚ ਕਰਨਾ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਅਤੇ ਪ੍ਰੇਰਿਤ ਕਰਨਾ ਅਤੇ ਗੁਰੂ ਰਵਿਦਾਸ ਜੀ ਦੇ ਸੁਪਨੇ ਅਨੁਸਾਰ ਵਿਤਕਰਾ ਰਹਿਤ ਸਮਾਜ ਦੀ ਸਿਰਜਣਾ ਕਰਨਾ ਹੈ।

# ਆਰ.ਟੀ.ਏ. ਨੇ ਤੂੜੀ-ਭੂੰਗ ਵਾਲੇ ਟਰੈਕਟਰਾਂ ਦੇ ਕੀਤੇ ਚਲਾਨ

## ਕੁੱਲ 7 ਚਲਾਨ ਕੀਤੇ, ਲੋਕ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਲਈ ਕੀਤਾ ਪ੍ਰੇਰਿਤ

**ਨਵਾਂਸ਼ਹਿਰ, 7 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ )** ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਰਿਜਨਲ ਟਰਾਂਸਪੋਰਟ ਅਥਾਰਟੀ ਇੰਦਰਪਾਲ ਵੱਲੋਂ ਅੱਜ ਜ਼ਿਲ੍ਹੇ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਤੂੜੀ-ਭੂੰਗ ਨਾਲ ਭਰੇ ਤਿੰਨ ਟਰੈਕਟਰਾਂ ਦੇ ਚਲਾਨ ਕੀਤੇ ਗਏ। ਇਸ ਤੋਂ ਇਲਾਵਾ ਬਾਕੀ ਹੋਰ ਓਵਰਲੋਡ ਵਾਹਨਾਂ ਦੇ 4 ਚਲਾਨ ਕੀਤੇ ਗਏ। ਰਿਜਨਲ ਟਰਾਂਸਪੋਰਟ ਅਫ਼ਸਰ ਨੇ ਦੱਸਿਆ ਕਿ ਟਰੈਕਟਰਾਂ 'ਤੇ ਤੂੜੀ ਅਤੇ ਭੂੰਗ ਨੂੰ ਬਹੁਤ ਬੂਰੇ ਢੰਗ ਨਾਲ ਓਵਰਲੋਡ ਕਰਕੇ ਲਿਜਾਇਆ ਜਾ ਰਿਹਾ ਸੀ। ਜਿਸ ਕਰਕੇ ਟਰੈਕਟਰਾਂ ਦੇ ਚਲਾਨ ਕੀਤੇ। ਕੁਝ ਟਰੈਕਟਰਾਂ 'ਤੇ ਰਿਫਲੈਕਟਰ ਅਤੇ ਲਾਈਟਾਂ ਵੀ ਨਹੀਂ ਲੱਗੀਆਂ ਹੋਈਆਂ ਸਨ। ਇੰਦਰਪਾਲ ਨੇ ਆਮ ਲੋਕਾਂ ਅਤੇ ਟਰੈਕਟਰ ਚਾਲਕਾਂ ਨੂੰ ਅਪੀਲ ਕੀਤੀ ਕਿ



ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਤਾਂ ਜੋ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰ ਸਕੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਚੈਕਿੰਗ ਮੁਹਿੰਮ ਜਾਰੀ ਰਹੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਮੋਟਰ ਵਹੀਕਲ ਐਕਟ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਮਕਸਦ ਕਿਸੇ ਨੂੰ ਪ੍ਰੇਸ਼ਾਨ ਕਰਨਾ ਨਹੀਂ, ਸਗੋਂ ਸੜਕ ਹਾਦਸਿਆਂ ਨੂੰ ਰੋਕ ਕੇ ਲੋਕਾਂ ਦੀ ਜਾਨ ਬਚਾਉਣਾ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਲਾਰਡ ਬੁੱਧਾ ਟਰੱਸਟ ਵਾਇਸ ਚਾਂਸਲਰ ਡਾ. ਸੂਦ ਨੂੰ ਸਨਮਾਨਿਤ ਕਰੇਗਾ : ਢੋਸੀਵਾਲ

## ਐਪਰੀਸੀਏਸ਼ਨ ਅਵਾਰਡ ਕੀਤਾ ਜਾਵੇਗਾ ਭੇਂਟ

**ਫ਼ਰੀਦਕੋਟ (ਸ਼ਿਵਨਾਥ )** ਸਥਾਨਕ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਵਾਇਸ ਚਾਂਸਲਰ ਡਾ. ਰਾਜੀਵ ਸੂਦ ਵੱਲੋਂ ਆਪਣੀ ਦੂਰ ਅੰਦੇਸ਼ੀ ਅਤੇ ਪ੍ਰਬੰਧਕੀ ਕਾਰਜ ਕੁਸ਼ਲਤਾ ਸਦਕਾ ਯੂਨੀਵਰਸਿਟੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਟਰੱਸਟ ਵੱਲੋਂ ਡਾ. ਸੂਦ ਨੂੰ ''ਐਪਰੀਸੀਏਸ਼ਨ ਅਵਾਰਡ'' ਭੇਂਟ ਕੀਤਾ ਜਾਵੇਗਾ। ਟਰੱਸਟ ਵੱਲੋਂ ਇਹ ਅਵਾਰਡ ਆਉਂਦੀ 09 ਜੁਲਾਈ ਵੀਰਵਾਰ ਨੂੰ ਸਵੇਰੇ 11:00 ਵਜੇ ਵਾਇਸ ਚਾਂਸਲਰ ਡਾ. ਸੂਦ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕਰਕੇ







ਸਤਿਕਾਰ ਸਹਿਤ ਦਿੱਤਾ ਜਾਵੇਗਾ। ਇਹ ਫੈਸਲਾ ਅੱਜ ਸਥਾਨਕ ਅਰੋਮਾ ਹੋਟਲ ਵਿਖੇ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਸਮੇਤ ਜਿਲ੍ਹਾ ਪੱਧਰੀ ਉੱਚ ਆਗੂਆਂ ਦੀ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ ਗਿਆ। ਮੀਟਿੰਗ ਦੌਰਾਨ ਚੀਫ਼ ਪੈਟਰਨ ਮੈਡਮ ਹੀਰਾਵਤੀ ਸੇਵਾ ਮੁਕਤ ਨਾਇਬ ਤਹਿਸੀਲਦਾਰ, ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ ਗਰੇਵਾਲ, ਸੀਨੀਅਰ ਮੀਤ ਪ੍ਰਧਾਨ ਸੇਵਾ ਮੁਕਤ ਪੁਲਿਸ ਅਧਿਕਾਰੀ ਇੰਸ. ਰਮੇਸ਼ ਕੁਮਾਰ ਬਾਰੋਲੀਆ ਅਤੇ ਸ੍ਰੀ ਕ੍ਰਿਸ਼ਨ ਆਰ.ਏ. ਆਦਿ ਮੌਜੂਦ ਸਨ। ਮੀਟਿੰਗ ਦੌਰਾਨ ਸਮੂਹ ਟਰੱਸਟ ਆਗੂਆਂ ਨੇ ਕਿਹਾ ਕਿ ਵਾਇਸ ਚਾਂਸਲਰ ਡਾ. ਸੂਦ ਦਾ ਮੌਜੂਦਾ ਕਾਰਜਕਾਲ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਚੱਲ ਰਹੇ ਵਣ ਮਹਾਂਉਤਸਵ ਦੌਰਾਨ ਜਿਲ੍ਹੇ ਦੇ ਪੰਜ ਸਰਕਾਰੀ ਸਕੂਲਾਂ ਵਿੱਚ ਫੁੱਲਦਾਰ, ਫਲਦਾਰ ਅਤੇ ਮੈਡੀਕਲ ਵੈਲਯੂ ਵਾਲੇ 21-21 ਪੌਦੇ ਲਗਾਏ ਜਾਣਗੇ। ਬੂਟੇ ਲਾਉਣ ਦੀ ਸ਼ੁਰੂਆਤ ਆਉਂਦੀ 10 ਜੁਲਾਈ ਸ਼ੁੱਕਰਵਾਰ ਨੂੰ ਜਿਲ੍ਹੇ ਦੇ ਮਚਾਕੀ ਕਲਾਂ ਦੇ ਸ਼ਹੀਦ ਸਿਪਾਹੀ ਕੁਲਵਿੰਦਰ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਟਰੱਸਟ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ ਦੇ ਕਰ ਕਮਲਾਂ ਨਾਲ ਸਮੁੱਚੀ ਟੀਮ ਵੱਲੋਂ ਕੀਤੀ ਜਾਵੇਗੀ। ਮੀਟਿੰਗ ਦੌਰਾਨ ਇਹ ਵੀ ਫੈਸਲਾ ਕੀਤਾ ਗਿਆ ਕਿ ਸਰਕਾਰੀ ਸਕੂਲਾਂ ਤੋਂ ਇਲਾਵਾ ਸ਼ਹਿਰ ਦੀਆਂ ਕੁਝ ਰਿਹਾਇਸ਼ੀ ਕਲੋਨੀਆਂ ਵਿੱਚ ਵੀ ਬੂਟੇ ਲਗਾਏ ਜਾਣਗੇ।

# ਮਿਲ ਦੇ ਗੰਦੇ ਪਾਣੀ ਦਾ ਮੁੱਦਾ ਫਿਰ ਭਖਿਆ, ਐਸ ਡੀ ਐਮ ਨੂੰ ਸੌਂਪਿਆ ਮੰਗ ਪੱਤਰ

## ਵਫ਼ਦ ਵੱਲੋਂ ਟੁਟੀਆਂ ਸੜਕਾਂ ਬਣਾਉਣ, ਲੈਂਡ ਪੂਲਿੰਗ ਪਾਲਸੀ ਰੱਦ ਕਰਨ ਦੀ ਕੀਤੀ ਮੰਗ

**ਮਹਿਤਪੁਰ – (ਪੱਤਰ ਪ੍ਰੇਰਕ)**- ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ,ਭਾਰਤੀ ਕਿਸਾਨ ਯੂਨੀਅਨ ਦੋਆਬਾ, ਮਨਰੇਗਾ ਯੂਨੀਅਨ ਪੰਜਾਬ, ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦਾ ਇੱਕ ਵਫਦ ਐਸ.ਡੀ.ਐਮ ਸਾਹਿਬ ਨਕੋਦਰ ਨੂੰ ਮਿਲਿਆ ਅਤੇ ਇੱਕ ਲਿਖਤੀ ਮੰਗ ਪੱਤਰ ਦਿੱਤਾ । ਵਫਦ ਨੇ ਮੰਗ ਪੱਤਰ ਦਿੰਦਿਆਂ ਕਿਹਾ ਗੱਤਾ ਮਿਲ ਮਹਿਤਪੁਰ ਵੱਲੋ ਹਰ ਰੋਜ ਪਿਛਲੇ ਕਈ ਸਾਲਾਂ ਤੋ ਮਿਲ ਦਾ ਕੈਮੀਕਲ ਅਤੇ ਬਹੁਤ ਗੰਦਾ ਪਾਣੀ ਧਰਤੀ ਵਿੱਚ ਪਾ ਰਹੇ ਹਨ। ਕਈ ਵਾਰੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਪਰ ਉਹ ਪਾਣੀ ਪੌਣੇ ਨਹੀ ਹਟੇ। ਵਫਦ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਲੈਂਡ ਪੂਲਿੰਗ ਪਾਲਿਸੀ ਬਣਾਈ ਗਈ ਹੈ ਉਸ ਨਾਲ ਪੰਜਾਬ ਦੀ ਕਿਸਾਨੀ ਅਤੇ ਸਮੂਹ ਲੋਕਾਂ ਦਾ ਬਹੁਤ ਵੱਡਾ ਨੁਕ-ਸਾਨ ਹੋਵੇਗਾ। ਇਸ ਨੂੰ ਵੀ ਤੁਰੰਤ ਰੋਕਿਆ ਜਾਵੇ। ਵਫਦ ਨੇ ਕਿਹਾ ਮਹਿਤਪੁਰ ਬਜਾਰ ਵਿੱਚ ਹਰ ਰੋਜ ਟਰੈਫਿਕ ਜਾਮ ਰਹਿੰਦਾ ਹੈ ਅਤੇ ਸੜਕਾਂ ਵੀ ਬਹੁਤ ਟੁੱਟੀਆਂ ਹੋਈਆਂ ਹਨ ਜਿਹਨਾਂ ਦੀ ਮੁਰੰਮਤ ਕਰਨਾ ਬਹੁਤ ਹੀ ਜਰੂਰੀ ਹੈ।ਪ੍ਰਸ਼ਾਸ਼ਨ ਕੋਈ ਧਿਆਨ ਨਹੀ ਦੇ ਰਿਹਾ। ਵਫਦ ਨੇ ਐਸ.ਡੀ.ਐਮ ਸਾਹਿਬ ਨੂੰ ਮਿਲਣ ਤੋ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਉਪਰੋਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ






ਸਾਡੀਆਂ ਜੱਥੇਬੰਦੀਆ ਵੱਲੋ ਉਕਤ ਮੰਗਾਂ ਹਲ ਕਰਾਉਣ ਲਈ ਇੱਕ ਸੰਘਰਸ਼ ਵਿੱਢਿਆ ਜਾਵੇਗਾ । ਵਫਦ ਦੀ ਅਗਵਾਈ ਨਰਿੰਦਰ ਸਿੰਘ ਬਾਜਵਾ, ਮੀਤ ਪ੍ਰਧਾਨ ਪੰਜਾਬ, ਬੀ.ਕੇ.ਯੂ ਪੰਜਾਬ,ਜਿਲਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਕਸ਼ਮੀਰ ਸਿੰਘ ਪੰਨੂ, ਬੀ.ਕੇ.ਯੂ ਦੋਆਬਾ ਪ੍ਰਧਾਨ, ਮਨਰੇਗਾ ਯੂਨੀਅਨ ਆਗੂ ਪੰਜਾਬ ਚਰਨਜੀਤ ਸਿੰਘ ਥੰਮੂਵਾਲ, ਗੁਰਦੀਪ ਸਿੰਘ ਪ੍ਰਚਾਰ ਸਕੱਤਰ, ਨਰਿੰਦਰ ਸਿੰਘ ਉਧੋਵਾਲ, ਸਤਨਾਮ ਸਿੰਘ ਮੰਡਿਆਲਾ, ਕਿਸਾਨ ਮਜਦੂਰ ਸੰਘਰਸ਼ ਕਮੇਟੀ, ਇਕਬਾਲ ਸਿੰਘ, ਕੁਲਜੀਤ ਸਿੰਘ ਸਲੇਮਾ ਜਿਲਾ ਪ੍ਰਧਾਨ ਬੀ.ਕੇ.ਯੂ, ਬਾਬਾ ਪਲਵਿੰਦਰ ਸਿੰਘ, ਜਗਜੀਤ ਸਿੰਘ ਬਘੇਲਾ, ਕੁਲਵੰਤ ਸਿੰਘ ਵਿਹਰਾਂ,ਲਾਡੀ ਲਾਹੌਰੀਆ,ਸ਼ਿੰਗਾਰਾ ਸਿੰਘ ਖੁਰਲਾਪੁਰ,ਸ਼ੇਰ ਸਿੰਘ ਖੁਰਲਾਪੁਰ,ਭੁਪਿੰਦਰ ਸਿੰਘ ਬਿੱਲਾ, ਜਗਦੀਪ ਸਿੰਘ ਕਾਹਲੋ, ਪਾਲ ਸਿੰਘ ਬਿਟਲਾਂ, ਬਲਵੀਰ ਸਿੰਘ ਉਧੋਵਾਲ,ਕੁਲਵੀਰ ਸਿੰਘ ਕਾਇਮਵਾਲਾ, ਮਹਿੰਦਰ ਸਿੰਘ, ਗੁਰ-ਦੇਵ ਸਿੰਘ, ਜਸਵੀਰ ਸਿੰਘ ਅਕਬਰਪੁਰ, ਸੁਰਿੰਦਰ ਸਿੰਘ ਰਾਮੂਵਾਲ, ਮਲਕੀਤ ਸਿੰਘ, ਬਲਵਿੰਦਰ ਸਿੰਘ, ਮੋਤਾ ਸਿੰਘ ਸਰਪੰਚ,ਰਣਜੀਤ ਸਿੰਘ ਕੁਹਾੜ, ਨਰਿੰਦਰ ਸਿੰਘ ਪਰਜੀਆਂ, ਅਮਰੀਕ ਸਿੰਘ ਬਿੱਲਾ ਆਦਿ ਕਰ ਰਹੇ ਸਨ।

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ. ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਥਾਈ ਲੋਕ ਅਦਾਲਤ ( ਜਨ-ਉਪਯੋਗੀ ਸੇਵਾਵਾਂ ) ਦੀ ਕਾਨੂੰਨੀ ਪ੍ਰਕਿਰਿਆ, ਸੁਲ੍ਹਾ ਦੇ ਆਦੇਸ਼ ਅਤੇ ਫੈਸਲਾ ਦੇਣ ਦੇ ਅਧਿਕਾਰਾਂ ਸਬੰਧੀ ਇੱਕ ਦਿਨਾ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ

**ਨਵਾਂਸ਼ਹਿਰ 7 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੀਆਂ ਹਦਾਇਤਾਂ ਤਹਿਤ ਅਤੇ ਮਾਣਯੋਗ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ਼੍ਰੀ ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਅਤੇ ਸਿਵਲ ਜੱਜ ( ਸੀਨੀਅਰ ਡੀਵੀਜ਼ਨ)/ ਸੀ.ਜੇ.ਐਮ-ਕਮ- ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ. ਅਮਨਦੀਪ ਜੀਆਂ ਦੇ ਨਿਰਦੇਸ਼ਾਂ ਤਹਿਤ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਮਿਤੀ 07.07.2026 ਨੂੰ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ , ਸ.ਭ.ਸ ਨਗਰ ਵਿਖੇ ਸਥਾਈ ਲੋਕ ਅਦਾਲਤ ( ਜਨ-ਉਪਯੋਗੀ ਸੇਵਾਵਾਂ ) ਦੀ



ਕਾਨੂੰਨੀ ਪ੍ਰਕਿਰਿਆ, ਸੁਲ੍ਹਾ ਦੇ ਆਦੇਸ਼ ਅਤੇ ਫੈਸਲਾ ਦੇਣ ਦੇ ਅਧਿਕਾਰਾਂ ਸਬੰਧੀ ਇੱਕ ਦਿਨ ਦਾ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਸ਼੍ਰੀ ਅਸ਼ੋਕ ਕਪੂਰ ,ਸਥਾਈ ਲੋਕ ਅਦਾਲਤਾ ਦਾ ਸਟਾਫ, ਪੈਨਲ ਐਡਵੋਕੇਜ਼, ਐਲ, ਏ.ਡੀ.ਸੀ.ਐਸ ਦਾ ਸਟਾਫ, ਪੈਰਾ ਲੀਗਲ ਵਲੰਟੀਅਰਜ਼ ਨੇ ਭਾਗ ਲਿਆ । ਇਸ ਓਰੀਐਂਟੇਸ਼ਨ ਪ੍ਰੋਗਰਾਮ ਵਿੱਚ ਸਥਾਈ ਲੋਕ ਅਦਾਲਤਾਂ ਦੇ ਪ੍ਰਭਾਵਸ਼ਾਲੀ ਕੰਮਕਾਜ ਅਤੇ ਉਹਨਾਂ ਦੇ ਦੋਹਰੇ ਕੰਮ - ਸੁਲ੍ਹਾ ਅਤੇ ਫੈਸਲਾ ਦੇਣ ਵਾਲੀ ਭੂਮਿਕਾ ਬਾਰੇ ਜਾਗਰੂਕਤਾ ਕੀਤਾ ਗਿਆ । ਇਸ ਪ੍ਰੋਗਰਾਮ ਦਾ ਉਦੇਸ਼ ਸਥਾਈ ਲੋਕ ਅਦਾਲਤਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣਾ ਅਤੇ ਲੋਕਾਂ ਨੂੰ ਉਹਨਾਂ ਦੇ ਕੰਮਾਂ ਬਾਰੇ ਜਾਗਰੂਕ ਕਰਨਾ ਹੈ ।

# ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਜਨ ਅੰਦੋਲਨ ਨੂੰ ਸਮਰਥਨ ਦਿੱਤਾ ਜਾਵੇ: ਕਰਨ ਸਿੰਘ ਰਾਣਾ

## ਕਾਰਪੋਰੇਟ ਪੱਖੀ ਨੀਤੀਆਂ ਅਤੇ ਲੈਂਡ ਪੋਲਿੰਗ ਸਕੀਮ ਵਿਰੁੱਧ ਪਿੰਡ ਟੌਂਸਾ ਅਤੇ ਭੋਲੇਵਾਲ ਵਿੱਚ ਹੋਈਆਂ ਜ਼ੋਰਦਾਰ ਮੀਟਿੰਗਾਂ





**ਬਲਾਚੌਰ, 7 ਜੁਲਾਈ (ਜਤਿੰਦਰਪਾਲ ਸਿੰਘ ਕਲੇਰ):** ਪੰਜਾਬ ਵਿੱਚ ਚੱਲ ਰਹੇ ਜਨ ਅੰਦੋਲਨਾਂ ਪ੍ਰਤੀ ਰਾਜਨੀਤਕ ਧਿਰਾਂ ਦੇ ਰਵੱਈਏ 'ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸਾਂਝਾ ਕਿਸਾਨ ਮਜ਼ਦੂਰ ਮੋਰਚਾ (ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ) ਦੇ ਜਨਰਲ ਸਕੱਤਰ ਸਾਥੀ ਕਰਨ ਸਿੰਘ ਰਾਣਾ ਨੇ ਕਿਹਾ ਹੈ ਕਿ ਰਾਜਨੀਤਕ ਪਾਰਟੀਆਂ ਇਸ ਜਨ ਅੰਦੋਲਨ ਦੀਆਂ ਹਿੱਸੇਦਾਰ ਨਹੀਂ ਬਣ ਰਹੀਆਂ। ਉਲਟਾ, ਕੇਂਦਰ ਅਤੇ ਪੰਜਾਬ ਸਰਕਾਰ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਰਾਹੇ ਪਾਉਣ, ਬਦਨਾਮ ਕਰਨ ਅਤੇ ਪੁਲਿਸ ਦੇ ਜ਼ੋਰ ਨਾਲ ਦਬਾਉਣ ਦੇ ਕੋਝੇ ਯਤਨ ਕਰ ਰਹੀਆਂ ਹਨ। ਸਾਥੀ ਕਰਨ ਸਿੰਘ ਰਾਣਾ ਨੇ ਇਹ ਵਿਚਾਰ ਪਿੰਡ ਟੌਂਸਾ ਅਤੇ ਭੋਲੇਵਾਲ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੀ ਸ਼ਮੂਲੀਅਤ ਵਾਲੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਉਨ੍ਹਾਂ ਕੇਂਦਰ ਸਰਕਾਰ 'ਤੇ ਵੱਡੇ ਹਮਲੇ ਕਰਦਿਆਂ ਕਿਹਾ ਕਿ ਕਾਰਪੋਰੇਟ ਪੂੰਜੀਵਾਦ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਸਰਕਾਰਾਂ ਰਾਹੀਂ ਲੋਕ ਵਿਰੋਧੀ ਨੀਤੀਆਂ ਧੱਕੇ ਨਾਲ ਠੋਸ ਰਿਹਾ ਹੈ। ਅਮਰੀਕਾ ਨਾਲ ਕੀਤਾ ਜਾ ਰਿਹਾ ਮੁਕਤ ਵਪਾਰ ਸਮਝੌਤਾ ਖੇਤੀ ਖੇਤਰ ਨਾਲ ਜੁੜੇ ਕਿਸਾਨਾਂ, ਮਜ਼ਦੂਰਾਂ, ਛੋਟੇ ਕਾਰੋਬਾਰੀਆਂ ਅਤੇ ਦੁਕਾਨਦਾਰਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗਾ। ਮਨਰੇਗਾ ਕਾਨੂੰਨ ਨੂੰ ਖਤਮ ਕਰਕੇ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਕੀਤੇ ਜਾ ਰਹੇ ਹਨ ਅਤੇ 29 ਲੇਬਰ ਕਾਨੂੰਨਾਂ ਨੂੰ ਖ਼ਤਮ ਕਰਕੇ ਬਣਾਏ ਗਏ ਚਾਰ ਲੇਬਰ ਕੋਡ ਮਜ਼ਦੂਰਾਂ ਨੂੰ ਗੁਲਾਮੀ ਵੱਲ ਧੱਕਣਗੇ। ਇਸ ਦੇ ਨਾਲ ਹੀ ਸਰਕਾਰੀ ਨੌਕਰੀਆਂ ਖ਼ਤਮ ਕਰਕੇ ਠੇਕੇਦਾਰੀ ਅਤੇ ਆਊਟ ਸੋਰਸਿੰਗ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੀੜਤ ਜਨਤਾ ਸੰਘਰਸ਼ ਦੇ ਰਾਹ ਪਈ ਹੋਈ ਹੈ। ਪੰਜਾਬ ਸਰਕਾਰ ਨੂੰ ਲੰਡੇ ਲੈਂਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਲੈਂਡ ਪੋਲਿੰਗ ਸਕੀਮ ਪਿੰਡਾਂ ਨੂੰ ਬਰਬਾਦ ਕਰ ਕੇ ਰੱਖ ਦੇਵੇਗੀ ਅਤੇ ਸਰਕਾਰ ਕਾਰਪੋਰੇਟਾਂ ਦੇ ਮੁਨਾਫੇ ਲਈ ਪੁਲਿਸ ਰਾਹੀਂ ਜਨਤਾ 'ਤੇ ਧੱਕੇਸ਼ਾਹੀ ਕਰ ਰਹੀ ਹੈ।ਇਸ ਦੌਰਾਨ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਸਾਥੀ ਕਰਨੈਲ ਸਿੰਘ ਭੱਲਾ, ਮਜ਼ਦੂਰ ਆਗੂ ਮਨੋਹਰ ਲਾਲ ਅਤੇ ਬੀਬੀ ਸ਼ਸ਼ੀ ਰਾਣਾ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਜਨ ਅੰਦੋਲਨਾਂ ਨੂੰ ਕਮਜ਼ੋਰ ਕਰਨ ਲਈ ਧਾਰਮਿਕ ਮੁੱਦਿਆਂ ਨੂੰ ਉਭਾਰ ਰਹੀਆਂ ਹਨ। ਉਨ੍ਹਾਂ ਰਾਜਨੀਤਿਕ ਧਿਰਾਂ ਨੂੰ ਤਾਕੀਦ ਕੀਤੀ ਕਿ ਧਰਮ ਅਤੇ ਰਾਜਨੀਤੀ ਨੂੰ ਰਲ-ਗੱਡ ਨਾ ਕੀਤਾ ਜਾਵੇ। ਧਰਮ ਦਾ ਕਾਰਜ ਮਨੁੱਖਤਾ ਦਾ ਭਲਾ ਕਰਨਾ ਹੈ, ਜਦਕਿ ਰਾਜਨੀਤਕ ਲੋਕਾਂ ਦੀ ਜ਼ਿੰਮੇਵਾਰੀ ਜਨਤਾ ਨੂੰ ਰੋਜ਼ਗਾਰ, ਸਰਕਾਰੀ ਵਿੱਦਿਆ, ਸਰਕਾਰੀ ਇਲਾਜ, ਸਨਮਾਨਜਨਕ ਜੀਵਨ, ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਅਤੇ ਭਰੋਸੇਯੋਗ ਅਮਨ-ਕਾਨੂੰਨ ਮੁਹੱਈਆ ਕਰਵਾਉਣਾ ਹੈ। ਆਗੂਆਂ ਨੇ ਬਹੁਜਨ ਸਮਾਜ ਪੱਖੀ ਅਤੇ ਖੱਬੇ ਪੱਖੀ ਸੋਚ ਰੱਖਣ ਵਾਲੇ ਲੋਕਾਂ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਉਹ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਹੋਰ ਹੱਕ ਮੰਗ ਰਹੇ ਲੋਕਾਂ ਵੱਲੋਂ ਵਿੱਢੇ ਗਏ ਇਸ ਸਾਂਝੇ ਜਨ ਅੰਦੋਲਨ ਨੂੰ ਆਪਣਾ ਪੂਰਨ ਸਮਰਥਨ ਦੇਣ।

# ਕਿਸ਼ਨਪੁਰ ਦੇ ਨੌਜਵਾਨ ਇੰਦਰਪਾਲ ਸਿੰਘ ਢਿੱਲੋਂ ਨੇ ਉੱਤਰਾਖੰਡ ਪੀਸੀਐਸ ਪ੍ਰੀਖਿਆ 'ਚ ਗੱਡੇ ਝੰਡੇ, ਬਣਿਆ ਸਟੇਟ ਟੈਕਸ ਅਫ਼ਸਰ

## ਪ੍ਰੀਖਿਆ ਵਿੱਚ ਹਾਸਲ ਕੀਤਾ ਚੌਥਾ ਰੈਂਕ; ਵਿਧਾਇਕ ਸੰਤੋਸ਼ ਕਟਾਰੀਆ ਨੇ ਘਰ ਪਹੁੰਚ ਕੇ ਕੀਤਾ ਸਨਮਾਨਿਤ

**ਨਵਾਂਸ਼ਹਿਰ /ਕਾਠਗੜ੍ਹ , 7 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):** ਹਲਕਾ ਬਲਾਚੌਰ ਲਈ ਅੱਜ ਬੇਹੱਦ ਮਾਣ ਅਤੇ ਖੁਸ਼ੀ ਦਾ ਪਲ ਉਸ ਸਮੇਂ ਸਾਹਮਣੇ ਆਇਆ, ਜਦੋਂ ਇੱਥੋਂ ਦੇ ਨਜ਼ਦੀਕੀ ਪਿੰਡ ਕਿਸ਼ਨਪੁਰ(ਭਰਥਲਾ ) ਦੇ ਹੋਣਹਾਰ ਨੌਜਵਾਨ ਇੰਦਰਪਾਲ ਸਿੰਘ ਢਿੱਲੋਂ (ਸਪੁੱਤਰ ਸ. ਚਰਨਜੀਤ ਸਿੰਘ ਢਿੱਲੋਂ ) ਨੇ ਆਪਣੀ ਸਖ਼ਤ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਸਦਕਾ ਉੱਤਰਾਖੰਡ ਪੀ ਸੀ ਐਸ ਪ੍ਰੀਖਿਆ ਵਿੱਚ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ। ਇੰਦਰਪਾਲ ਸਿੰਘ ਢਿੱਲੋਂ ਨੇ ਇਸ ਵੱਕਾਰੀ ਪ੍ਰੀਖਿਆ ਵਿੱਚ ਸੂਬੇ ਭਰ 'ਚੋਂ ਚੌਥਾ (ਰੈਂਕ-4) ਸਥਾਨ ਪ੍ਰਾਪਤ ਕਰਕੇ ਸਟੇਟ ਟੈਕਸ ਅਫ਼ਸਰ ਦਾ ਅਹੁਦਾ ਹਾਸਲ ਕੀਤਾ ਹੈ।



ਇਸ ਇਤਿਹਾਸਕ ਅਤੇ ਸ਼ਾਨਦਾਰ ਉਪਲਬਧੀ ਦੀ ਖ਼ਬਰ ਮਿਲਦਿਆਂ ਹੀ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਇੰਦਰਪਾਲ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਸਮੂਹ ਪਰਿਵਾਰ ਨੂੰ ਇਸ ਮੌਕੇ 'ਤੇ ਚਾਰੇ ਪਾਸਿਓਂ ਦਿਲੋਂ ਮੁਬਾਰਕਬਾਦਾਂ ਮਿਲ ਰਹੀਆਂ ਹਨ। ਇਲਾਕਾ ਨਿਵਾਸੀਆਂ ਵੱਲੋਂ ਪਰਮਾਤਮਾ ਅੱਗੇ ਅਰਦਾਸ ਕੀਤੀ ਜਾ ਰਹੀ ਹੈ ਕਿ ਇਹ ਹੋਣਹਾਰ ਨੌਜਵਾਨ ਆਪਣੇ ਜੀਵਨ ਵਿੱਚ ਹੋਰ ਵੀ ਉੱਚੀਆਂ ਮੰਜ਼ਿਲਾਂ ਹਾਸਲ ਕਰੇ ਅਤੇ ਆਪਣੇ ਪਰਿਵਾਰ, ਪਿੰਡ, ਹਲਕੇ ਸਮੇਤ ਪੂਰੇ ਪੰਜਾਬ ਦਾ ਨਾਮ ਇਸੇ ਤਰ੍ਹਾਂ ਰੌਸ਼ਨ ਕਰਦਾ ਰਹੇ।

ਇਸ ਖੁਸ਼ੀ ਦੇ ਮੌਕੇ ਹਲਕਾ ਬਲਾਚੌਰ ਦੇ ਵਿਧਾਇਕਾ ਬੀਬੀ ਸੰਤੋਸ਼ ਕਟਾਰੀਆ ਅਤੇ ਉਨ੍ਹਾਂ ਦੇ ਪਤੀ ਅਸ਼ੋਕ ਕਟਾਰੀਆ ਆਪਣੀ ਵਿਸ਼ੇਸ਼ ਟੀਮ ਨਾਲ ਉਚੇਚੇ ਤੌਰ 'ਤੇ ਪਿੰਡ ਕਿਸ਼ਨਪੁਰ ਵਿਖੇ ਇੰਦਰਪਾਲ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਪਹੁੰਚੇ। ਉਨ੍ਹਾਂ ਹੋਣਹਾਰ ਨੌਜਵਾਨ ਅਤੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ ਅਤੇ ਇੰਦਰਪਾਲ ਸਿੰਘ ਨੂੰ ਸਿਰੋਪਾਓ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ। ਵਿਧਾਇਕਾ ਕਟਾਰੀਆ ਨੇ ਕਿਹਾ ਕਿ ਅਜਿਹੇ ਮਿਹਨਤੀ ਨੌਜਵਾਨ ਸਾਡੇ ਸਮਾਜ ਦਾ ਸਰਮਾਇਆ ਹਨ ਅਤੇ ਬਾਕੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ। ਇਸ ਮੌਕੇ ਨਰੇਸ਼ ਕੁਮਾਰ ਸਰਪੰਚ ਕਿਸ਼ਨਪੁਰ ਅਤੇ ਜਸਵੀਰ ਸਿੰਘ ਘੁੰਮਣ ਸਰਪੰਚ ਸਮੇਤ ਇਲਾਕੇ ਭਰ ਤੋਂ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

# ਪਾਰਦਰਸ਼ੀ ਢੰਗ ਨਾਲ ਹੋਵੇਗੀ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ : ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ

## ਰਾਜਨੀਤਕ ਪਾਰਟੀਆਂ ਨਾਲ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਸਬੰਧੀ ਮੀਟਿੰਗ ਆਯੋਜਿਤ

**ਨਵਾਂਸ਼ਹਿਰ, 07 ਜੁਲਾਈ, 2026 :** ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਪੈਸ਼ਲ ਇੰਟੈਂਸਿਵ ਰੀਵੀਜ਼ਨ ਤਹਿਤ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਸਬੰਧੀ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਸਮੂਹ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ. ਗੁਲਪ੍ਰੀਤ ਸਿੰਘ ਔਲਖ ਨੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਦੌਰਾਨ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਦੀ ਪ੍ਰਕਿਰਿਆ ਪੂਰੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਚੱਲ ਰਹੀ ਹੈ। ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜ਼ਿਲ੍ਹੇ ਵਿੱਚ ਮੌਜੂਦਾ ਪੋਲਿੰਗ ਸਟੇਸ਼ਨਾਂ ਦੀ



ਸਥਿਤੀ, ਵੋਟਰਾਂ ਦੀ ਗਿਣਤੀ ਅਤੇ ਰੈਸ਼ਨੇਲਾਈਜ਼ੇਸ਼ਨ ਸਬੰਧੀ ਪ੍ਰਸਤਾਵਿਤ ਪ੍ਰਬੰਧਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਤਹਿਤ ਪ੍ਰਤੀ ਪੋਲਿੰਗ ਸਟੇਸ਼ਨ ਦੀ ਕੱਟ-ਆਫ਼ ਲਿਮਟ 1,200 ਵੋਟਰ ਤੈਅ ਕੀਤੀ ਗਈ ਹੈ ਅਤੇ ਰੈਸ਼ਨੇਲਾਈਜ਼ੇਸ਼ਨ ਦੌਰਾਨ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਵੀ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਦੀ ਗਿਣਤੀ 1200 ਤੋਂ ਵੱਧ ਨਾ ਹੋਵੇ। ਉਨ੍ਹਾਂ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਵੀ ਵੋਟਰ ਨੂੰ ਪੋਲਿੰਗ ਸਟੇਸ਼ਨ 'ਤੇ ਪਹੁੰਚਣ ਲਈ 2 ਕਿਲੋਮੀਟਰ ਤੋਂ ਵੱਧ ਦਾ ਫਾਸਲਾ ਨਾ ਤੈਅ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਦਾ ਉਦੇਸ਼ ਵੋਟਰਾਂ ਨੂੰ ਸੁਵਿਧਾਜਨਕ, ਪਹੁੰਚਯੋਗ ਅਤੇ ਬਿਹਤਰ ਮਤਦਾਨ ਸਹੂਲਤਾਂ ਪ੍ਰਦਾਨ ਕਰਨਾ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਜੇਕਰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਸਬੰਧੀ ਕੋਈ ਸੁਝਾਅ ਜਾਂ ਇਤਰਾਜ਼ ਹੋਵੇ ਤਾਂ ਉਹ ਭਾਰਤ ਚੋਣ ਕਮਿਸ਼ਨ ਵੱਲੋਂ ਨਿਰਧਾਰਤ ਸਮਾਂ-ਸੀਮਾ ਅੰਦਰ ਲਿਖਤੀ ਰੂਪ ਵਿੱਚ ਪੇਸ਼ ਕਰਨ, ਤਾਂ ਜੋ ਨਿਯਮਾਂ ਅਨੁਸਾਰ ਉਨ੍ਹਾਂ 'ਤੇ ਵਿਚਾਰ ਕੀਤਾ ਜਾ ਸਕੇ। ਮੀਟਿੰਗ ਦੌਰਾਨ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਵੀ ਧਿਆਨ ਨਾਲ ਸੁਣਿਆ ਗਿਆ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਕਾਨੂੰਨੀ ਪ੍ਰਾਵਧਾਨਾਂ ਦੇ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ।

# ਸਰਕਾਰ ਵੱਲੋਂ ਮਹਿੰਗਾਈ ਭੱਤਾ ਨਾ ਦੇਣ ਤੇ ਸੇਵਾ ਮੁਕਤ ਪਟਵਾਰੀ ਕਾਨੂੰਗੋਆਂ ਵੱਲੋਂ ਪੰਜਾਬ ਸਰਕਾਰ ਦੀ ਸਖਤ ਨਿੰਦਾ

**ਬਲਾਚੌਰ, 7 ਜਲਾਈ( ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਾ ਦੇਣ ਦੀ ਰੈਵੀਨਿਊ ਸੇਵਾ ਮੁਕਤ ਪਟਵਾਰੀ ਕਾਨੂੰਗੋ ਯੂਨੀਅਨ ਤਹਿਸੀਲ ਬਲਾਚੌਰ ਨੇ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈਲ ਪ੍ਰਧਾਨ ਗਿਆਨ ਸਿੰਘ ਭਨੂੰ ਦੀ ਪ੍ਰਧਾਨਗੀ ਹੇਠ ਹੋਈ ਇੱਕ ਵਿਸ਼ੇਸ਼ ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇਵੇ ਨਹੀਂ ਤਾਂ ਸਰਕਾਰ ਨੂੰ ਇਸਦਾ ਖਮਿਆਜਾ ਤਾਂ ਭੁਗਤਣਾ ਹੀ ਪਵੇਗਾਲਲ ਮੀਟਿੰਗ ਵਿੱਚ ਬਕਾਇਆ ਬਿੱਲਾਂ ਦੀ ਅਦਾਇਗੀ ਲਈ ਤਹਸੀਲਦਾਰ ਬਲਾਚੌਰ ਬਲਾਚੌਰ ਨੂੰ ਮਿਲ ਕੇ ਮਸਲਾ ਹੱਲ



ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਲਮੀਟਿੰਗ ਨੇ ਕਾਨੂੰਗੋ ਸੋਮਨਾਥ ਰੱਤੇਵਾਲ ਨੂੰ ਪਰਮਾਤਮਾ ਵੱਲੋਂ ਪੋਤਰੇ ਦੀ ਦਾਤ ਬਖਸ਼ਣ ਤੇ ਉਹਨਾਂ ਨੂੰ ਮੁਬ-ਾਰਕਬਾਦ ਦਿੱਤੀ ਅਤੇ ਜਥੇਬੰਦੀ ਦੇ ਸੀਨੀਅਰ ਆਗੂ ਗੁਰਨੇਕ ਸਿੰਘ ਸ਼ੇਰ ਦੀ ਮਾਤਾ ਅਮਰ ਕੌਰ ਮੰਡੇਰ ਦੀ ਮੌਤ ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ੋਕ ਪ੍ਰਗਟ ਕੀਤਾ ਗਿਆਲ ਮੀਟਿੰਗ ਨੂੰ ਪ੍ਰਧਾਨ ਗਿਆਨ ਸਿੰਘ ਭਨੂੰ,ਜਰਨਲ ਸਕੱਤਰ ਮਦਨ ਲਾਲ ਬੇਗਮ-ਪੁਰ,ਖਜਾਨਚੀ ਸੁਰਿੰਦਰ ਕੁਮਾਰ ਮੁੱਤੋਂ ਸੀਨੀਅਰ ਆਗੂ ਕੁਲਵਿੰਦਰ ਸਿੰਘ ਗੁੱਲਪੁਰ, ਜਨਕ ਰਾਜ ਸੰਧੂ, ਮਹਿੰਦਰ ਪਾਲ ਅਣਜਾਣ, ਰਜਿੰਦਰ ਸਿੰਘ ਮੁੱਤੋਂ, ਮਨੋਹਰ ਲਾਲ ਕਾਠਗੜ੍ਹ ਨੇ ਸੰਬੋਧਨ ਕੀਤਾਲ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਬੱਲੀ, ਕੁਲਦੀਪ ਸਿੰਘ ਜਨਾਗਲ,ਮਦਨ ਲਾਲ ਰੁੜਕੀ, ਚਰਨਜੀਤ ਸਿੰਘ ਚਾਂਦਪੁਰ ਰੁੜਕੀ, ਹਰਬੰਸ ਸਿੰਘ ਜੋਗੇਵਾਲ, ਸੋਮਨਾਥ ਰੱਤੇਵਾਲ,ਮੋਹਨ ਲਾਲ, ਭਜਨ ਲਾਲ ਸੋਭੂਵਾਲ ਵਗੈਰਾ ਸ਼ਾਮਲ ਸਨ।

# ਪਿੰਡ ਹੈਡੋਂਬੇਟ ਵਿਖੇ ਲੈਂਟਰ ਪਾਉਂਦੇ ਸਮੇਂ ਵਾਪਰਿਆ ਵੱਡਾ ਹਾਦਸਾ, ਸ਼ਟਰਿੰਗ ਦੀਆਂ ਬੱਲੀਆਂ ਡਿਗਣ ਕਾਰਨ ਲੱਖਾਂ ਦਾ ਨੁਕਸਾਨ

## –ਮਾੜੀ ਸ਼ਟਰਿੰਗ ਅਤੇ ਬੱਲੀਆਂ ਦੀ ਸਪੋਰਟ ਨਾ ਹੋਣ ਕਾਰਨ ਡਿੱਗਿਆ 1100 ਸਕੁਏਅਰ ਫੁੱਟ ਦਾ ਲੈਂਟਰ; ਮਿਸਤਰੀ ਤੇ ਮਜ਼ਦੂਰਾਂ ਦਾ ਹੋਇਆ ਬਚਾਅ

**ਬਲਾਚੌਰ 7 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ ):**
ਕਾਠਗੜ੍ਹ ਦੇ ਅਧੀਨ ਪੈਂਦੇ ਪਿੰਡ ਹੈਡੋਂਬੇਟ ਵਿਖੇ ਇੱਕ ਘਰ ਦੀ ਉਸਾਰੀ ਦੌਰਾਨ ਉਸ ਸਮੇਂ ਵੱਡਾ ਹਾਦਸਾ ਵਾਪਰ ਗਿਆ, ਜਦੋਂ ਲੈਂਟਰ ਪਾਉਣ ਦਾ ਕੰਮ ਮੁਕੰਮਲ ਹੋਣ ਦੇ ਨਜ਼ਦੀਕ ਸੀ ਅਤੇ ਅਚਾਨਕ ਪੂਰੀ ਸ਼ਟਰਿੰਗ ਹੇਠਾਂ ਆ ਡਿੱਗੀ। ਇਸ ਹਾਦਸੇ ਵਿੱਚ ਜਿੱਥੇ ਮਕਾਨ ਮਾਲਕ ਦਾ ਲੱਖਾਂ ਰੁਪਏ ਦਾ ਮਾਲੀ ਨੁਕਸਾਨ ਹੋਇਆ ਹੈ, ਉੱਥੇ ਹੀ ਲੈਂਟਰ ਪਾ ਰਹੇ ਮਿਸਤਰੀ ਅਤੇ ਮਜ਼ਦੂਰਾਂ ਦਾ ਬਾਲ-ਬਾਲ ਬਚਾਅ ਹੋ ਗਿਆ।
ਪੀੜਤ ਮਕਾਨ ਮਾਲਕ ਚੰਨਾ ਰਾਮ (ਪੁੱਤਰ ਖਾਨ ਚੰਦ) ਵਾਸੀ ਪਿੰਡ ਹੈਡੋਂਬੇਟ ਨੇ ਹਾਦਸੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਆਪਣੇ ਘਰ ਦਾ ਕਰੀਬ 1100 ਸਕੁਏਅਰ ਫੁੱਟ ਏਰੀਏ ਦਾ ਨਵਾਂ ਲੈਂਟਰ ਪਵਾ ਰਹੇ ਸਨ, ਜਿਸ ਵਿੱਚ 9 ਬੀਮ ਖੜ੍ਹੇ ਕੀਤੇ ਗਏ ਸਨ। ਸਵੇਰ ਵੇਲੇ ਤੋਂ ਲੈਂਟਰ ਪਾਉਣ ਦਾ ਕੰਮ ਬੜੇ ਜ਼ੋਰ-ਸ਼ੋਰ ਨਾਲ ਚੱਲ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਲੈਂਟਰ ਦਾ ਕੰਮ ਕਰੀਬ 75 ਫੀਸਦੀ ਮੁਕੰਮਲ ਹੋ ਚੁੱਕਾ ਸੀ ਅਤੇ ਸਿਰਫ਼ 25 ਪੈਸੇ ਕੰਮ ਹੀ ਬਾਕੀ ਰਹਿ ਗਿਆ ਸੀ, ਤਾਂ ਅਚਾਨਕ ਹੇਠਾਂ ਲਾਈ ਗਈ ਸ਼ਟਰਿੰਗ ਦੀਆਂ ਬੱਲੀਆਂ ਟੁੱਟਣੀਆਂ ਸ਼ੁਰੂ ਹੋ ਗਈਆਂ ਅਤੇ ਦੇਖਦੇ ਹੀ ਦੇਖਦੇ ਪੂਰਾ ਲੈਂਟਰ ਥੱਲੇ ਡਿੱਗ ਪਿਆ ।
ਚੰਨਾ ਰਾਮ ਨੇ ਸ਼ਟਰਿੰਗ ਵਾਲੇ ਠੇਕੇਦਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਇਹ ਠੇਕਾ ਪਿੰਡ ਮੁੱਤੋਂ ਤੋਂ ਦੇ ਠੇਕੇਦਾਰ ਛਿੰਦੀ ਕੋਲ ਸੀ। ਠੇਕੇਦਾਰ ਵੱਲੋਂ ਸ਼ਟਰਿੰਗ ਦੇ ਹੇਠਾਂ ਬਿਲਕੁਲ ਵੀ ਸਹੀ ਮਟੀਰੀਅਲ ਅਤੇ ਸਪੋਰਟ ਨਹੀਂ ਦਿੱਤੀ ਗਈ ਸੀ। 13 ਫੁੱਟ ਦੀ ਉਚਾਈ 'ਤੇ ਪੈ ਰਹੇ ਲੈਂਟਰ ਲਈ 10-10 ਫੁੱਟ ਦੀਆਂ ਛੋਟੀਆਂ ਬੱਲੀਆਂ ਲਾਈਆਂ ਗਈਆਂ ਸਨ ਅਤੇ ਉਨ੍ਹਾਂ ਦੇ ਹੇਠਾਂ 15-15 ਇੱਟਾਂ ਦੀਆਂ ਚੱਠੀਆਂ ਲਾ ਕੇ ਜੁਗਾੜ ਕੀਤਾ ਗਿਆ ਸੀ, ਜਿਸ ਕਾਰਨ ਸ਼ਟਰਿੰਗ ਲੈਂਟਰ ਦਾ ਭਾਰ





ਨਹੀਂ ਝੱਲ ਸਕੀ। ਮਕਾਨ ਮਾਲਕ ਮੁਤਾਬਕ ਉਨ੍ਹਾਂ ਨੇ ਲੈਂਟਰ ਵਿੱਚ ਕਰੀਬ 35 ਕੁਇੰਟਲ ਸਰੀਆ ਪਾਇਆ ਹੋਇਆ ਸੀ ਅਤੇ ਸਾਢੇ ਚਾਰ ਸੌ ਰੁਪਏ ਪ੍ਰਤੀ ਥੈਲੇ ਦੇ ਹਿਸਾਬ ਨਾਲ ਸੀਮੈਂਟ, ਰੇਤਾ ਤੇ ਬਜਰੀ ਦਾ ਉੱਚ ਪੱਧਰੀ ਮਟੀਰੀਅਲ ਵਰਤਿਆ ਸੀ, ਜੋ ਸ਼ਟਰਿੰਗ ਡਿਗਣ ਕਾਰਨ ਸਾਰਾ ਮਿੱਟੀ ਵਿੱਚ ਮਿਲ ਕੇ ਬੁਰਾ ਹਾਲ ਹੋ ਗਿਆ। ਇਸ ਹਾਦਸੇ ਕਾਰਨ ਉਨ੍ਹਾਂ ਦਾ ਘੱਟੋ-ਘੱਟ 5 ਲੱਖ ਰੁਪਏ ਦਾ ਸਿੱਧਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਸ ਵੇਲੇ ਇਹ ਹਾਦਸਾ ਵਾਪਰਿਆ, ਉਸ ਸਮੇਂ ਛੱਤ ਉੱਤੇ 4-5 ਮਿਸਤਰੀ ਅਤੇ ਹੋਰ ਮਜ਼ਦੂਰ ਕੰਮ ਕਰ ਰਹੇ ਸਨ, ਪਰ ਪਰਮਾਤਮਾ ਦੀ ਕ੍ਰਿਪਾ ਸਦਕਾ ਸਾਰਿਆਂ ਦਾ ਜਾਨੀ ਬਚਾਅ ਹੋ ਗਿਆ। ਪੀੜਤ ਪਰਿਵਾਰ ਨੇ ਦੱਸਿਆ ਕਿ ਹਾਦਸਾ ਵਾਪਰਨ ਤੋਂ ਤੁਰੰਤ ਬਾਅਦ ਜ਼ਿੰਮੇਵਾਰੀ ਲੈਣ ਦੀ ਬਜਾਏ ਸ਼ਟਰਿੰਗ ਵਾਲਾ ਠੇਕੇਦਾਰ ਅਤੇ ਮਿਸਤਰੀ ਮੌਕੇ ਤੋਂ ਆਪਣਾ ਸਾਮਾਨ ਤੇ ਮੋਟਰਾਂ ਚੁੱਕ ਕੇ ਰਫੂਚੱਕਰ ਹੋ ਗਏ। ਪੀੜਤ ਪਰਿਵਾਰ ਨੇ ਪ੍ਰਸ਼ਾਸਨ ਅਤੇ ਸਬੰਧਤ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਲਾਪ੍ਰਵਾਹੀ ਵਰਤਣ ਵਾਲੇ ਉਕਤ ਠੇਕੇਦਾਰ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਹੋਏ ਨੁਕ-ਸਾਨ ਦਾ ਮੁਆਵਜ਼ਾ ਦਿਵਾਇਆ ਜਾਵੇ।

# ਦਰਬਾਰ ਪੀਰ ਬਾਬਾ ਮੁਲੱਖ ਸ਼ਾਹ ਜੀ ਦਾ 48 ਵਾਂ ਸਲਾਨਾ ਜੋੜ ਮੇਲਾ ਪਿੰਡ ਖੱਸਣ, ਕਪੂਰਥਲਾ ਵਿਖੇ

**ਕਪੂਰਥਲਾ (ਹਰਜਿੰਦਰ ਪਾਲ ਛਾਬੜਾ)** ਦਰਬਾਰ ਪੀਰ ਬਾਬਾ ਮੁਲੱਖ ਸ਼ਾਹ ਜੀ ਦੇ ਮੁੱਖ ਸੇਵਾਦ-ਾਰ ਸ੍ਰੀ ਧਰਮਵੀਰ ਕਾਲੀਆ ਜੀ ( ਬਾਬਾ ਕਾਲੂ ਜੀ ) ਨੇ ਜਾਣਕਾਰੀ ਦਿੰਦਿਆ ਦਸਿਆ ਕਿ ਹਰ ਤਰ੍ਹਾ ਦੀ ਤਰ੍ਹਾ ਇਸ ਸਾਲ ਵੀ ਮਿਤੀ 3 ਅਤੇ 4 ਜੁਲਾਈ ਦਿਨ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਪੀਰ ਬਾਬਾ ਮੁਲਖ ਸ਼ਾਹ ਜੀ ਦਾ 48 ਵਾਂ ਸਲਾਨਾ ਜੋੜ ਮੇਲਾ ਪਿੰਡ ਖੱਸਣ, ਲਿੱਟਾਂ ਵਾਲਾ ਰੋਡ , ਕਪੂਰਥਲਾ ਵਿਖੇ ਬੜੀ ਹੀ ਸ਼ਰਧਾਪੂਰਵਕ ਮਨਾਇਆ ਜਾਵੇਗਾ । ਮੇਲੇ ਵਿਚ ਅਲਗ ਅਲਗ ਦਰਬਾਰ ਤੋ ਸੰਤ ਮਹਾਂਪੁਰਸ਼ ਪਹੁੰਚਣਗੇ । ਪੰਜਾਬ ਦੇ ਪ੍ਰਸਿੱਧ ਕਲਾਕਾਰ ਜਿਵੇਂ ਕਿ ਪੰਜਾਬੀ ਦੋਗ-ਾਣਾ ਗਾਇਕ ਜੋੜੀ ਅਮਰੀਕ



ਮਾਈਕਲ ਅਤੇ ਨੂਰ ਸਿੱਧੂ, ਦੋਗ-ਾਣਾ ਗਾਇਕ ਜੋੜੀ ਆਰ ਕੇ ਮਹਿੰਦੀ ਅਤੇ ਮਾਹੀ ਖ਼ਾਨ , ਦਲਵਿੰਦਰ ਦਿਆਲਪੁਰੀ, ਸੁਰਿੰਦਰ ਲਾਡੀ , ਸ਼ਿੰਗਾਰ ਨਿਮਾਣਾ , ਸਾਬਰੀ ਬ੍ਰਦਰਜ਼, ਜਸਵਿੰਦਰ ਗੁਲਾਮ, ਸੁਰੰਜਨਾ ਸ਼ੀਮਾਰ, ਕੇ ਕੇ ਸਿੰਘ , ਰਮਜ਼ਾਨਾ ਹੀਰ, ਰਾਜੂ ਸ਼ਾਹ ਮਸਤਾਨਾ ਅਤੇ ਹੈਰੀ ਬਾਦਸ਼ਾਹ ,ਰਹਿਮਤ ਸੂਫ਼ੀ ਅਤੇ ਹੋਰ ਕਲਾਕ-ਾਰ ਹਾਜ਼ਰੀ ਲਗਵਾਉਣਗੇ । ਸਟੇਜ ਸਕੱਤਰ ਦੀ ਭੂਮਿਕਾ ਸਾਬੀ ਬਰਾੜ ਵਲੋ ਨਿਭਾਈ ਜਾਵੇਗੀ । ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ । ਬਾਬਾ ਕਾਲੂ ਜੀ ਵਲੋ ਸਾਰੀ ਸਾਧ ਸੰਗਤ ਅਤੇ ਨਗਰ ਨਿਵਾਸੀਆਂ ਨੂੰ ਪਹੁੰਚਣ ਦੀ ਬੇਨਤੀ ਕੀਤੀ ਗਈ ।

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਬਲਾਕ ਭਗਤਾ ਭਾਈ ਕਾ ਦੀ ਮਾਸਿਕ ਇਕੱਤਰਤਾ ਵਿੱਚ 17 ਜੁਲਾਈ ਦੀ ਮੋਹਾਲੀ ਰੈਲੀ ਸੰਬੰਧੀ ਵਿਚਾਰ ਵਿਮਰਸ਼ ਕੀਤਾ ਗਿਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸ਼ੀਏਸ਼ਨ ਬਲਾਕ ਭਗਤਾ ਭਾਈ ਕਾ ਦੀ ਮਾਸਿਕ ਇਕੱਤਰਤਾ ਪੰਚਾਇਤ ਸੰਮਤੀ ਦਫ਼ਤਰ ਭਗਤਾ ਭਾਈ ਕਾ ਵਿਖੇ ਹੋਈ, ਜਿਸ ਵਿੱਚ ਭਰਵੀਂ ਗਿਣਤੀ ਵਿੱਚ ਪੈਨਸ਼ਨਰ ਇਕਤ੍ਰਿਤ ਹੋਏ। ਸਰਵ ਪ੍ਰਥਮ ਵਿਛੜੀ ਆਤਮਾ ਮੋਹਣ ਸਿੰਘ ਸਾਬਕਾ ਐਸ.ਡੀ.ਓ. ਬਿਜਲੀ ਬੋਰਡ ਭਗਤਾ ਭਾਈ ਕਾ ਅਤੇ ਸਵ: ਮਾਸਟਰ ਰਣਜੀਤ ਸਿੰਘ ਪ੍ਰੀਤ ਭਗਤਾ ਭਾਈ ਕਾ ਦੇ ਮਾਤਾ ਮੁਖਤਿਆਰ ਕੌਰ ਨੂੰ ਦੋ ਮਿੰਟ ਦੇ ਮੋਨ ਦੁਆਰਾ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਬੋਲਾਰਿਆਂ ਵਿੱਚੋਂ -- ਨਰਿੰਦਰ ਪਾਲ ਭਗਤਾ ਸਟੇਟ ਵਿੱਤ ਸਕੱਤਰ, ਮਹਿੰਦਰ ਸਿੰਘ ਖਾਲਸਾ ਕੋਠਾ ਗੁਰੂ, ਰਣਧੀਰ ਸਿੰਘ ਮਲੂਕਾ, ਸੁਲੱਖਣ ਸਿੰਘ ਭਗਤਾ, ਗੁਰਜੀਤ ਸਿੰਘ ਭਗਤਾ ਅਤੇ ਐਸੋਸ਼ੀਏਸ਼ਨ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ ਕੋਠਾ ਗੁਰੂ ਆਦਿਕ ਨੇ ਆਪਣੇ - ਆਪਣੇ ਵਿਚਾਰ ਸਾਂਝੇ ਕੀਤੇ। ਤਕਰੀਬਨ ਸਾਰੇ ਹੀ ਬੋਲਾਰਿਆਂ ਵੱਲੋਂ ਪੰਜਾਬ ਦੀ ਹਰ ਪੱਖੋਂ ਨਿੱਘਰ ਰਹੀ ਹਾਲਤ/ਸਥਿਤੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਪੈਨਸ਼ਨਰਾਂ ਦੀਆਂ ਭਖਦੀਆਂ ਮੰਗਾਂ ਉੱਪਰ ਵਿਸਥਾਰ ਵਿੱਚ ਵਿਚਾਰ ਚਰਚਾ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਮੰਗਾਂ ਨੂੰ ਨਜ਼ਰ ਅੰਦਾਜ਼ ਕਰਨ ਅਤੇ ਸਰਕਾਰ ਦੀਆਂ ਮੁਲਾਜ਼ਮ/ਪੈਨਸ਼ਨਰ ਮਾਰੂ ਨੀਤੀਆਂ ਦੀ ਵਿਰੋਧਤਾ ਕਰਦਿਆਂ ਹਾਈਕੋਰਟ ਦੇ 8 ਅਪ੍ਰੈਲ 2026 ਦੇ ਫੈਸਲੇ ਅਨੁਸਾਰ ਡੀ.ਏ.ਅਤੇ ਡੀ.ਏ.ਦੇ ਬਕਾਇਆਂ ਨੂੰ ਯਕ-ਮੁਸ਼ਤ ਕਿਸ਼ਤਾਂ ਜਾਰੀ ਕਰਨ 'ਤੇ ਜ਼ੋਰ ਦਿੱਤਾ ਗਿਆ।2.59 ਫੈਕਟਰ ਦੇ ਫਾਰਮੂਲੇ ਤਹਿਤ ਪੈਨਸ਼ਨ ਫਿਕਸ ਕਰਨ, ਰਹਿੰਦੇ ਲੀਵ -ਇਨ ਕੈਸ਼ਮੈਂਟ ਦੇ ਬਕਾਏ ਜਾਰੀ ਕਰਨ ਲਈ ਵੀ ਸਰਕਾਰ ਨੂੰ ਯਾਦ ਕਰਵਾਇਆ ਗਿਆ। ਪੈਨਸ਼ਨਰ ਪੋਰਟਲ ਸੰਬੰਧੀ ਪੈਨਸ਼ਨਰਾਂ ਨੂੰ ਆ ਰਹੀਆਂ ਸਮੱਸਿਆਵਾਂ/ਦਿੱਕਤਾਂ





ਸੰਬੰਧੀ ਇਸ ਮੰਗ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਸੁਝਾਅ ਦਿੰਦਿਆਂ ਕਿਹਾ ਗਿਆ ਕਿ ਬੈਂਕਾਂ ਨੂੰ ਲਾਈਫ ਸਰਟੀਫਿਕੇਟ ਤੇ ਹੋਰ ਸਮੱਸਿਆਵਾਂ ਸੰਬੰਧੀ ਲਿਖਤੀ ਰੂਪ ਵਿਚ ਐਪਲੀਕੇਸ਼ਨ ਦੇਣ ਲਈ ਪਹਿਲਾਂ ਵਾਲੀ ਸਹੂਲਤ/ਸਰਲ ਵਿਧੀ ਨੂੰ ਵੀ ਅਡੀਸ਼ਨਲ/ਆਫ਼ਸ਼ਨਲ ਰੂਪ ਵਿੱਚ ਬਹਾਲ ਰੱਖਿਆ ਜਾਵੇ। ਮੁਲਾਜ਼ਮ ਅਤੇ ਸਾਂਝਾ ਫਰੰਟ ਬਠਿੰਡਾ ਵੱਲੋਂ 4 ਜੁਲਾਈ ਨੂੰ ਟੀਚਰ ਹੋਮ ਬਠਿੰਡਾ ਵਿਖੇ ਕੀਤੀ ਇਕੱਤਰਤਾ ਅਨੁਸਾਰ 11 ਜੁਲਾਈ ਨੂੰ ਭਾਰੀ ਗਿਣਤੀ ਵਿੱਚ ਸਾਂਝੇ ਫਰੰਟ ਵੱਲੋਂ ਬਠਿੰਡਾ ਤੋਂ ਤਲਵੰਡੀ ਸਾਬੋ ਵਿਖੇ ਜਾਣ ਵਾਲੇ ਕਾਫ਼ਿਲੇ, ਜਿਸ ਵੱਲੋਂ ਭਖਦੀਆਂ ਮੰਗਾਂ ਸੰਬੰਧੀ ਮੈਮੋਰੰਡਮ ਬੀਬੀ ਬਲਜਿੰਦਰ ਕੌਰ ਵਿਧਾਇਕ/ ਮੰਤਰੀ, ਤਲਵੰਡੀ ਸਾਬੋ ਨੂੰ ਦਿੱਤਾ ਜਾਣਾ ਹੈ, ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਪੈਨਸ਼ਨਰਾਂ ਨੂੰ ਪ੍ਰੇਰਿਤ ਕੀਤਾ ਗਿਆ। ਸਟੇਜ ਸਕੱਤਰ ਗੁਰਜੀਤ ਸਿੰਘ ਭਗਤਾ ਭਾਈ ਨੇ ਜਿੱਥੇ 31 ਜੁਲਾਈ 2026 ਤੱਕ ਇਨਕਮ ਟੈਕਸ ਰਿਟਰਨਾਂ ਭਰਨ ਲਈ ਪੈਨਸ਼ਨਰਾਂ ਨੂੰ ਜਾਗਰੂਕ ਕੀਤਾ ਉੱਥੇ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ ਵੱਲੋਂ 17 ਜੁਲਾਈ 2026 ਦੀ ਮੋਹਾਲੀ ਰੈਲੀ ਵਿੱਚ ਭਾਰੀ ਗਿਣਤੀ ਵਿੱਚ ਪਹੁੰਚਣ ਲਈ ਪੈਨਸ਼ਨਰਾਂ ਨੂੰ ਬੇਨਤੀ ਕੀਤੀ ਤਾਂ ਕਿ ਪੈਨਸ਼ਨਰ ਮੰਗਾਂ ਦੀ ਪ੍ਰਾਪਤੀ ਲਈ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ। ਇਸ ਸਮੇਂ ਹੋਰਨਾਂ ਤੋਂ ਇਲਾਵਾ -- ਭਾਈ ਕੰਵਰ ਕੌਰ ਸਿੰਘ ਕੋਠਾ ਗੁਰੂ ਸਟੇਟ ਸਲਾਹਕਾਰ, ਮਾਸਟਰ ਅਮਰਜੀਤ ਸਿੰਘ ਵਿੱਤ ਸਕੱਤਰ ਭਗਤਾ ਭਾਈ, ਮਾਸਟਰ ਨਛੱਤਰ ਸਿੰਘ, ਮਾਸਟਰ ਰਣਜੋਧ ਸਿੰਘ, ਮਾਸਟਰ ਸੁਰਜੀਤ ਸਿੰਘ, ਮਾਸਟਰ ਗੁਰਦੀਪ ਸਿੰਘ, ਦਰਸ਼ਨ ਸਿੰਘ ਪਟਵਾਰੀ, ਹਾਕਮ ਸਿੰਘ ਕੋਆਪਰੇਟਿਵ ਵਿਭਾਗ, ਸੁਰਜਨ ਸਿੰਘ, ਮਾਸਟਰ ਸਵਰਨ ਸਿੰਘ (ਸਾਰੇ ਭਗਤਾ ਭਾਈ), ਸਤਪਾਲ ਸਿੰਘ, ਮਾਸਟਰ ਜ਼ੋਰਾ ਸਿੰਘ ਬੁਰਜ ਥਰੋੜ, ਦਲੀਪ ਸਿੰਘ ਕੇਸਰ ਸਿੰਘ ਵਾਲਾ, ਮਾਸਟਰ ਦਰਵਾਰਾ ਸਿੰਘ, ਮਾਸਟਰ ਸੁਰਜੀਤ ਸਿੰਘ (ਦੋਵੇਂ ਮਲੂਕਾ), ਸੁਰਜੀਤ ਸਿੰਘ ਕੋਠਾ ਗੁਰੂ, ਗੁਰਦੀਪ ਸਿੰਘ ਕੇਸਰ ਸਿੰਘ ਵਾਲਾ (ਦੋਵੇਂ ਪੁਲਿਸ ਵਿਭਾਗ), ਮਾਸਟਰ ਬਾਵਾ ਸਿੰਘ, ਮਾਸਟਰ ਨਛੱਤਰ ਸਿੰਘ ਕੋਠਾ ਗੁਰੂ, ਰਛਪਾਲ ਸਿੰਘ ਗੁਰੂਸਰ ਆਦਿਕ ਪੈਨਸ਼ਨਰ ਹਾਜ਼ਰ ਸਨ।

# ਕੁਲਬੀਰ ਸਿੰਘ ਖੈੜਾ ਕਾਂਗਰਸ ਕਿਸਾਨ ਸੈੱਲ ਦੇ ਜਿਲ੍ਹਾ ਪ੍ਰਧਾਨ ਨਿਯੁਕਤ

## ਹਾਈਕਮਾਂਡ ਵੱਲੋਂ ਮਿਲੇ ਅਹੁਦੇ ਤੇ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਗਾਂ – ਕੁਲਬੀਰ ਖੈੜਾ

**ਕਪੂਰਥਲਾ, 7 ਜੁਲਾਈ ( ਵਿਸੇਸ ਪ੍ਰਤੀਨਿਧ )–** ਸੀਨੀਅਰ ਕਾਂਗਰਸੀ ਆਗੂ ਕੁਲਬੀਰ ਸਿੰਘ ਖੈੜਾ ਨੂੰ ਆਲ ਇੰਡੀਆ ਕਾਂਗਰਸ ਕਿਸਾਨ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਹੈ ਇਸ ਸਬੰਧੀ ਇੱਕ ਪ੍ਰਭਾਵਸ਼ਾਲੀ ਸਮਾਗਮ ਵਿਧਾਇਕ ਸ: ਸੁਖਪਾਲ ਸਿੰਘ ਖਹਿਰਾ ਚੇਅਰਮੈਨ ਆਲ ਇੰਡੀਆ ਕਾਂਗਰਸ ਕਿਸਾਨ ਸੈੱਲ ਦੀ ਅਗਵਾਈ ਅਤੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਦੀ ਦੇਖ ਰੇਖ ਆਯੋਜਿਤ ਕੀਤਾ ਗਿਆ। ਜਿਸ ਵਿੱਚ ਸੀਨੀਅਰ ਕਾਂਗਰਸੀ ਆਗੂ ਕੁਲਬੀਰ ਸਿੰਘ ਖੈੜਾ ਨੂੰ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਕਿਸਾਨਾਂ ਦੇ ਹੱਕਾਂ ਲਈ ਹਮੇਸ਼ਾ ਆਵਾਜ਼ ਬੁਲੰਦ ਕਰਦੇ ਰਹਿਣ ਦੇ ਚਲਦੇ ਉਹਨਾਂ ਨੂੰ ਆਲ ਇੰਡੀਆ ਕਾਂਗਰਸ ਕਿਸਾਨ ਸੈਲ ਦਾ ਜਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਸਮਾਗਮ ਵਿੱਚ ਸੁਖਪਾਲ ਸਿੰਘ ਖਹਿਰਾ ਨੇ ਜਿੱਥੇ ਕੁਲਬੀਰ ਸਿੰਘ ਖੈੜਾ ਨੂੰ



ਉਹਨਾਂ ਦਾ ਨਿਯੁਕਤੀ ਪੱਤਰ ਸੌਂਪਿਆ ਉੱਥੇ ਹੀ ਕੁਲਬੀਰ ਸਿੰਘ ਖੈੜਾ ਨੂੰ ਇਸੇ ਤਰ੍ਹਾਂ ਹੀ ਆਪਣੀਆਂ ਸੇਵਾਵਾਂ ਪਾਰਟੀ ਪ੍ਰਤੀ ਦੇਣ ਅਤੇ ਆਪਣੇ ਅਹੁਦੇ ਦੀਆਂ ਜਿੰਮੇਵਾਰੀਆਂ ਪੂਰੀ ਤਰ੍ਹਾਂ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਦੌਰਾਨ ਕੁਲਬੀਰ ਸਿੰਘ ਖੈੜਾ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਸੰਬੋਧਨ ਦੌਰਾਨ ਜਿੱਥੇ ਪਾਰਟੀ ਹਾਈ ਕਮਾਂਡ ਦੇ ਨਾਲ ਆਲ ਇੰਡੀਆ ਕਾਂਗਰਸ ਦੇ ਕਿਸਾਨ ਸੈਲ ਦੇ ਚੇਅਰਮੈਨ ਸੁਖਪਾਲ ਸਿੰਘ ਖਹਿਰਾ ਤੇ ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ ਦਾ ਧੰਨਵਾਦ ਕੀਤਾ। ਉੱਥੇ ਹੀ ਉਹਨਾਂ ਨੇ ਹਾਜਰੀਨ ਨੂੰ ਵਿਸ਼ਵਾਸ ਦਿਵਾਇਆ ਕਿਹਾ ਕਿ ਉਹ ਆਪਣੇ ਇਸ ਅਹੁਦੇ ਤੇ ਮਿਲੀ ਜਿੰਮੇਵਾਰੀ ਨੂੰ ਜਿੱਥੇ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਥੇ ਹੀ ਕਿਸਾਨਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਦੇ ਨਾਲ ਨਾਲ ਉਹਨਾਂ ਦੇ ਹੱਲ ਲਈ ਹਰ ਤਰ੍ਹਾਂ ਦੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਇਸ ਮੌਕੇ ਤੇ ਕਿਰਨਜੀਤ ਸਿੰਘ ਸੰਧੂ ਚੇਅਰਮੈਨ ਪੰਜਾਬ ਕਿਸਾਨ ਕਾਂਗਰਸ,ਸਾਬਕਾ ਜਿਲ੍ਹਾ ਪ੍ਰਧਾਨ ਰਮੇਸ਼ ਡਡਵਿੰਡੀ, ਨੰਬਰਦਾਰ ਟੋਨੀ ਦੌਲਤਪੁਰ,ਸਾਬਕਾ ਸਰਪੰਚ ਤੇਜਵਿੰਦਰ ਸਿੰਘ, ਨੰਬਰਦਾਰ ਸਤਨਾਮ ਸਿੰਘ, ਹਰਜਿੰਦਰ ਸਿੰਘ ਆਸਟ੍ਰੇਲੀਆ,ਪ੍ਰਧਾਨ ਜਗੀਰ ਸਿੰਘ, ਕੁਲਵਿੰਦਰ ਸਿੰਘ ਕਿੰਦਾ, ਸੰਦੀਪ ਕੁਮਾਰ, ਕੁਲਵਿੰਦਰ ਸਿੰਘ ਬਿੱਲੂ, ਪੰਡਿਤ ਸੁਨੀਲ ਕਾਲੀਆ, ਬਲਵੀਰ ਸਿੰਘ ਮੱਟੂ,ਗੁਰਜੀਤ ਸਿੰਘ ਸ਼ਾਹ, ਰੇਸ਼ਮ ਸਿੰਘ ਲਾਡੀ,ਜਗਤਾਰ ਸਿੰਘ ਮੱਲ੍ਹੀ, ਗੁਰਜੀਤ ਸਿੰਘ ਜੀਤਾ,ਪੁਨੀਤ ਸ਼ਰਮਾ, ਰਮੇਸ਼ ਅਰੋੜਾ, ਡਾਕਟਰ ਰਾਕੇਸ਼ ਸ਼ਰਮਾ,ਦਿਲਬਾਗ ਸਿੰਘ, ਸੁਖਵਿੰਦਰ ਸਿੰਘ ਹੁਸੈਨਪੁਰ ਆਦਿ ਹਾਜਰ ਸਨ।

# ਮਨਦੀਪ ਕੌਸ਼ਲ ਨੇ ਨਵੇਂ ਜ਼ਿਲ੍ਹਾ ਖੇਡ ਅਫਸਰ ਲੁਧਿਆਣਾ ਵਜੋਂ ਅਹੁਦਾ ਸੰਭਾਲਿਆ

## ਕੋਚਾਂ ਨੇ ਜ਼ਿਲ੍ਹਾ ਖੇਡ ਅਫਸਰਾਂ ਨੂੰ ਦਿੱਤੀ ਸਵਾਗਤੀ ਅਤੇ ਵਿਦਾਇਗੀ ਪਾਰਟੀ



**ਲੁਧਿਆਣਾ 7 ਜੁਲਾਈ (ਕਰਨੈਲ ਸਿੰਘ ਐੱਮ.ਏ.)** ਪੰਜਾਬ ਖੇਡ ਵਿਭਾਗ ਨੇ ਮਨਦੀਪ ਕੌਸ਼ਲ ਨੂੰ ਨਵੇਂ ਜ਼ਿਲ੍ਹਾ ਖੇਡ ਅਫਸਰ ਵਜੋਂ ਲੁਧਿਆਣਾ ਖੇਡ ਵਿਭਾਗ ਦੀ ਜ਼ਿੰਮੇਵਾਰੀ ਸੰਭਾਲੀ ਹੈ । ਮਨਦੀਪ ਕੌਸ਼ਲ ਨੇ ਅੱਜ ਜ਼ਿਲ੍ਹਾ ਖੇਡ ਅਫਸਰ ਵਜੋਂ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਜੁਆਇੰਨ ਕੀਤਾ। ਇਸ ਮੌਕੇ ਪੰਜਾਬ ਖੇਡ ਵਿਭਾਗ ਦੇ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਕੋਚਾਂ ਨੇ ਜਿੱਥੇ ਪੁਰਾਣੇ ਜ਼ਿਲ੍ਹਾ ਖੇਡ ਅਫਸਰ ਕੁਲਦੀਪ ਚੁੱਗ ਨੂੰ ਉਹਨਾਂ ਦੀ ਜ਼ਿਲ੍ਹਾ ਮਲੇਰਕੋਟਲਾ ਵਿਖੇ ਬਦਲੀ ਹੋਣ ਤੇ ਵਿਦਾਇਗੀ ਪਾਰਟੀ ਦਿੱਤੀ ਉਥੇ ਨਵੇਂ ਖੇਡ ਅਫਸਰ ਮਨਦੀਪ ਕੌਸ਼ਲ ਦੀ ਆਮਦ ਤੇ ਉਹਨਾਂ ਦਾ ਨਿੱਘਾ ਸਵਾਗਤ ਵੀ ਕੀਤਾ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਅਤੇ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਜਗਰੂਪ ਸਿੰਘ ਜਰਖੜ ਅਤੇ ਹੋਰ ਪ੍ਰਬੰਧਕਾਂ ਨੇ ਨਵੇਂ ਖੇਡ ਜ਼ਿਲ੍ਹਾ ਅਫਸਰ ਮਨਦੀਪ ਕੌਸ਼ਲ ਨੂੰ ਬੁੱਕੇ ਦੇ ਕੇ ਉਹਨਾਂ ਦੀ ਆਮਦ ਨੂੰ ਜੀ ਆਇਆਂ ਆਖਿਆ, ਅਤੇ ਪੁਰਾਣੇ ਖੇਡ ਅਫਸਰ ਕੁਲਦੀਪ ਚੁੱਗ ਦੀਆਂ ਜ਼ਿਲ੍ਹਾ ਲੁਧਿਆਣਾ ਨੂੰ ਦਿੱਤੀਆਂ ਖੇਡ ਸੇਵਾਵਾਂ ਦੀ ਸ਼ਲਾਘਾ ਕੀਤੀ । ਇਸ ਮੌਕੇ ਲੁਧਿਆਣਾ ਜ਼ਿਲ੍ਹੇ ਦੇ ਵੱਖ-ਵੱਖ ਖੇਡਾਂ ਨਾਲ ਸੰਬੰਧਿਤ ਕੋਚਾਂ ਨੇ ਦੋਹਾਂ ਅਫਸਰ ਸਾਹਿਬਾਨਾਂ ਦੇ ਮਾਣ ਸਨਮਾਨ ਵਿੱਚ ਦੁਪਹਿਰ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ। ਇਸ ਮੌਕੇ ਅਜੀਤਪਾਲ ਸਿੰਘ ਸੁਪਰਵਾਈਜ਼ਰ ਨਰਸਰੀ, ਸੀਨੀਅਰ ਕੋਚ ਸੰਜੀਵ ਕੁਮਾਰ ਸ ਨੂੰ, ਗੁਰਸਤਿੰਦਰ ਸਿੰਘ ਪ੍ਰਗਟ ਜਰਖੜ ਹਾਕੀ ਅਕੈਡਮੀ, ਕੋਚ ਗੁਰਜੀਤ ਸਿੰਘ, ਹਰਮੀਤ ਸਿੰਘ ਜਰਖੜ, ਇਕਵਿੰਦਰ ਕੌਰ ਕੋਚ ਮੁੰਡੀਆਂ ਹਾਕੀ ਸੈਂਟਰ, ਜ਼ਿਲ੍ਹੇ ਦੇ ਹੋਰ ਸਮੂਹ ਪ੍ਰਬੰਧਕ ਅਤੇ ਖੇਡ ਵਿਭਾਗ ਸਟਾਫ਼ ਦੇ ਮੈਂਬਰ ਹਾਜ਼ਰ ਸਨ ।

# ਲੋਕ ਰਾਜ ਵਿੱਚ ਵੀ

ਸੱਚ ਸੁਣਨ ਅਤੇ ਵੇਖਣ ਤੋਂ ,
ਘਬਰਾਉਂਦੀ ਹੈ ਦੁਨੀਆਂ ।
ਦੂਜਿਆਂ ਦੇ ਹੱਕਾਂ 'ਤੇ ਧੌਂਸ ,
ਵਿਖਾਉਂਦੀ ਹੈ ਦੁਨੀਆਂ ।
ਪਰ ਬੱਦਲ੍ਹਾਂ ਦੇ ਓਹਲੇ ਸੂਰਜ,
ਸਦਾ ਨਈਓਂ ਰਹਿੰਦਾ ;
ਸੂਰਜ , ਚੰਨ ਤੇ ਤਾਰੇ ਲੱਭ ,
ਲਿਆਉਂਦੀ ਹੈ ਦੁਨੀਆਂ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ
ਜ਼ਿਲ੍ਹਾ ਸੰਗਰੂਰ ।
9914836037

## ਦਿਲ ਕਰਦਾ ਹੈ

ਮਿਲ ਜਾਵੇ ਕੋਈ ਆਪਣਾ
ਦੁਖ ਦਰਦ ਸੁਣਾਉਣ ਨੂੰ ਦਿਲ ਕਰਦਾ ਹੈ।
ਚਾਹੁੰਦਾ ਹੋਵੇ ਦਿਲ ਜਾਨ ਦੇ ਜੇਕਰ ਕੋਈ
ਉਸ ਤੇ ਜਾਨ ਲੁਟਾਉਣ ਨੂੰ ਦਿਲ ਕਰਦਾ ਹੈ।
ਜਦੋਂ ਕਿਸੇ ਦਾ ਕੰਮ ਨਿਕਲ ਜਾਵੇ
ਫਿਰ ਕੌਣ ਕਿਸੇ ਨੂੰ ਪਛਾਣਦਾ ਹੈ।
ਮਿਲ ਜਾਵੇ ਜੇ ਕਿਸੇ ਨੂੰ ਬਹੁਤ ਦੌਲਤ
ਕੌਣ ਇਸ ਦੂਜਿਆਂ ਵਿੱਚ ਵੰਡਦਾ ਹੈ
ਵੱਡੇ ਅਤੇ ਛੋਟੇ ਵਿੱਚ ਫਰਕ ਤਾਂ ਰਹੇਗਾ
ਦੁਨੀਆਂ ਵਿੱਚ ਕਿਸ ਪਾਸੇ ਸਮਾਨਤਾ ਹੈ।
ਦੂਜਿਆਂ ਦੀਆਂ ਗਲਤੀਆਂ ਕੱਢਦੇ ਨੇ ਸਭ
ਆਪਣੀ ਗਲਤੀ ਨੂੰ ਕੌਣ ਕਦੇ ਮੰਨਦਾ ਹੈ।
ਦੂਜਿਆਂ ਦੇ ਰਾਜ ਜੋ ਰੱਖਦਾ ਹੈ ਦਿਲ ਵਿੱਚ
ਦੋਸਤੀ ਵਿੱਚ ਉਸ ਦੀ ਮਹਾਨਤਾ ਹੈ।



ਪ੍ਰੋਫੈਸਰ ਸ਼ਾਮ ਲਾਲ ਕੌਸ਼ਲ
ਮੋਬਾਈਲ 94 16 359045
ਰੋਹਤਕ ਹਰਿਆਣਾ

# ਕਲਯੁਗ ਸਤਯੁਗ ਭਾਈ ਭਾਈ

ਕਲਯੁਗ ਸਤਯੁਗ ਭਾਈ ਭਾਈ
ਦੋਹਾਂ ਦੇ ਵਿੱਚ ਹੋਈ ਲੜਾਈ
ਇਧਰੋਂ ਸੀ ਇੱਕ ਬਾਬਾ ਆਇਆ
ਉਸਨੇ ਆ ਕੇ ਸੁਲ੍ਹਾ ਕਰਾਈ।
ਬਾਬਾ ਕਹਿੰਦਾ ਪਹਿਲਾਂ ਸਤਯੁਗ
ਕਲਯੁਗ ਨੂੰ ਕਿਹਾ ਫੇਰ ਤੂੰ ਆਈਂ
ਕਲਯੁਗ ਨੇ ਵੀ ਹੱਕ ਨਹੀਂ ਖੋਹਿਆ
ਇਹੀ ਗੱਲ ਵਿੱਚ ਰਾਜ਼ੀ ਹੋਇਆ
ਤਿੰਨਾਂ ਨੇ ਇੱਕ ਰਾਇ ਬਣਾ ਕੇ
ਸਤਯੁਗ ਬੋਹੜ ਦੇ ਉੱਤੇ ਪਰੋਇਆ
ਜਦ ਸਤਯੁਗ ਨੇ ਜੜ੍ਹ ਖਾ ਲਈ ਸਾਰੀ
ਫਿਰ ਆਊ ਕਲਯੁਗ ਦੀ ਵਾਰੀ
ਸਤਯੁਗ ਦੇ ਵਿੱਚ ਖੁਸ਼ ਸੀ ਸਾਰੇ
ਸਭ ਦੇ ਬਣ ਗਏ ਭਾਈਚਾਰੇ
ਕੋਈ ਨਹੀਂ ਸੀ ਲੜਦਾ ਭਿੜਦਾ
ਰਿਸ਼ਤੇ ਸੀਗੇ ਸਭ ਤੋਂ ਪਿਆਰੇ
ਸਤਯੁਗ ਨੇ ਜੜ ਖਾ ਲਈ ਸਾਰੀ
ਕਲਯੁਗ ਕਹਿੰਦਾ ਹੁਣ ਮੇਰੀ ਵਾਰੀ
ਸਤਯੁਗ ਨੇ ਆਪਣਾ ਸਮਾਂ ਹੰਢਾਇਆ,
ਕਲਯੁਗ ਦੀ ਫਿਰ ਝੋਲੀ ਪਾਇਆ।
ਕਲਯੁਗ ਜਦ ਹੀ ਭਾਰੂ ਹੋਇਆ,
ਮੋਹ, ਪਿਆਰ, ਰਿਸ਼ਤਾ ਸਭ ਮੋਇਆ।
ਰੁੱਖਾਂ ਵਾਂਗੂੰ ਸਭ ਸੁੱਕ ਗਿਆ ਏ,
ਚੰਗਾ ਸਮਾਂ ਵੀ ਮੁੱਕ ਗਿਆ ਏ।
ਕਲਯੁਗ ਨੇ ਆ ਸਾਂਝ ਜਿਹੀ ਪਾ ਲਈ
ਪੂਰੀ ਦੁਨੀਆਂ ਆਪਣੇ ਪਿੱਛੇ ਲਾ ਲਈ
ਸਤਯੁਗ ਨੇ ਤਾ ਜੜ ਹੀ ਖਾਧੀ ਸੀ
ਕਲਯੁਗ ਨੇ ਸਾਰੀ ਦੁਨੀਆ ਖਾ ਲਈ



ਕਰਮਨਪ੍ਰੀਤ ਕੌਰ ਦੰਦੀਵਾਲ
ਜਮਾਤ: ਗਿਆਰਵੀਂ
ਸਰਕਾਰੀ ਸੈਕੰਡਰੀ ਸਕੂਲ, ਝੰਡੂਕੇ
(ਜ਼ਿਲ੍ਹਾ ਮਾਨਸਾ)
7009245514

# ਮੇਰੇ ਅੰਦਰ...

ਮੇਰੇ ਅੰਦਰ ਬੱਚਾ ਵੀ ਹੈ, ਮੇਰੇ ਅੰਦਰ ਜਵਾਨ ਵੀ ਹੈ,
ਮੇਰੇ ਅੰਦਰ ਚੁੱਪ ਵੀ ਹੈ, ਮੇਰੇ ਅੰਦਰ ਜ਼ੁਬਾਨ ਵੀ ਹੈ।
ਮੇਰੇ ਅੰਦਰ ਰੱਬ ਵੀ ਵੱਸਦਾ, ਮੇਰੇ ਅੰਦਰ ਸ਼ੈਤਾਨ ਵੀ ਹੈ,
ਮੇਰੇ ਅੰਦਰ ਨੂਰ ਵੀ ਹੈ, ਮੇਰੇ ਅੰਦਰ ਤੂਫ਼ਾਨ ਵੀ ਹੈ।
ਮੇਰੇ ਅੰਦਰ ਗੀਤਾ ਵੀ ਹੈ, ਮੇਰੇ ਅੰਦਰ ਕੁਰਾਨ ਵੀ ਹੈ,
ਮੇਰੇ ਅੰਦਰ ਬਾਈਬਲ ਵੀ ਹੈ, ਮੇਰੇ ਅੰਦਰ ਗਿਆਨ ਵੀ ਹੈ।
ਮੇਰੇ ਅੰਦਰ ਜਾਨਵਰ ਵੀ ਹੈ, ਮੇਰੇ ਅੰਦਰ ਇਨਸਾਨ ਵੀ ਹੈ,
ਮੇਰੇ ਅੰਦਰ ਰਹਿਮ ਵੀ ਹੈ, ਮੇਰੇ ਅੰਦਰ ਅਭਿਮਾਨ ਵੀ ਹੈ।
ਮੇਰੇ ਅੰਦਰ ਧਰਤੀ ਵੀ ਹੈ, ਮੇਰੇ ਅੰਦਰ ਅਸਮਾਨ ਵੀ ਹੈ,
ਮੇਰੇ ਅੰਦਰ ਕਰਮ ਵੀ ਹੈ, ਮੇਰੇ ਅੰਦਰ ਵਿਧਾਨ ਵੀ ਹੈ।
ਮੇਰੇ ਅੰਦਰ ਪੱਥਰ ਵੀ ਹੈ, ਮੇਰੇ ਅੰਦਰ ਪ੍ਰਾਣ ਵੀ ਹੈ,
ਮੇਰੇ ਅੰਦਰ ਕਾਮ, ਕ੍ਰੋਧ, ਲੋਭ, ਹੰਕਾਰ, ਧਿਆਨ ਵੀ ਹੈ।
ਜਾਤਾਂ, ਪਾਤਾਂ, ਧਰਮਾਂ ਪਿੱਛੇ ਮਨ ਲੜਦਾ ਸ਼ੈਤਾਨ ਵੀ ਹੈ,
'ਵੀਰਪਾਲ' ਦੇ ਅੰਦਰ ਬੈਠਾ ਇੱਕ ਸੱਚਾ ਇਨਸਾਨ ਵੀ ਹੈ।



ਵੀਰਪਾਲ ਭੱਠਲ

# ਜਨਮ ਦਿਨ ਮੁਬਾਰਕ



ਅਨੰਤ ਚਾਵਲਾ
ਪਿਤਾ ਦਾ ਨਾਂ:- ਪਵਨੀਤ ਚਾਵਲਾ
ਮਾਤਾ ਦਾ ਨਾਂ :- ਪਾਰੁਲ
ਵਾਸੀ :-ਕੋਟਕਪੂਰਾ
ਜ਼ਿਲ੍ਹਾ ਫਰੀਦਕੋਟ

# ਸਾਂਝੀ ਰਸੋਈ ਦਾ ਪ੍ਰੋਜੈਕਟ ਦਾਨੀ ਸੱਜਣਾਂ ਦੇ ਸਹਾਰੇ ਹੀ ਚੱਲਦਾ ਹੈ - ਸਕੱਤਰ ਮੰਗੇਸ਼ ਸੂਦ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ। ਜਿਸ ਦਾ ਰੋਜ਼ਾਨਾ 450 ਤੋਂ 500 ਗ਼ਰੀਬ ਅਤੇ ਲੋੜਵੰਦ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਸੰਦੀਪ ਕੌਸ਼ਲ ਦੁਆਰਾ ਆਪਣੇ ਬੱਚਿਆਂ ਨੀਲ ਕੌਸ਼ਲ ਅਤੇ ਨਯਾਸ਼ਾ ਕੌਸ਼ਲ ਦੇ ਜਨਮਦਿਨ ਮੌਕੇ ਤੇ 5100/- ਰੁਪਏ ਦੀ ਰਾਸ਼ੀ ਸਾਂਝੀ ਰਸੋਈ ਵਿਖੇ



ਦਿੱਤੀ ਗਈ। ਇਸ ਮੌਕੇ ਤੇ ਗੁਰਪ੍ਰੀਤ ਕੌਰ ਸਟੈਨੋ ਕਲਰਕ ਰੈੱਡ ਕਰਾਸ ਅਤੇ ਰੈੱਡ ਕਰਾਸ ਟੀਮ ਮੌਜੂਦ ਰਹੀ। ਇਸ ਮੌਕੇ ਤੇ ਮੰਗੇਸ਼ ਸੂਦ ਵੱਲੋਂ ਇਹ ਵੀ ਦੱਸਿਆ ਗਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵੱਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵੱਲੋਂ ਜਿੱਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ/ਸ਼ਾਦੀ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ ਵਿਖੇ ਮਨਾਉਣ ਸਬੰਧੀ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ-ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁਹੱਈਆ ਕਰਵਾਈ ਜਾਂਦੀ ਹੈ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਲੋਂ ਸਾਲਿਡ ਵੇਸਟ ਮੈਨੇਜਮੈਂਟ ਰੂਲ 2026 ਦੇ ਸਬੰਧ ਵਿੱਚ ਜਿਲ੍ਹੇ ਨੂੰ ਕੂੜਾ ਮੁਕਤ ਬਣਾਉਣ ਦੀ ਸ਼ੁਰੂਆਤ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ—ਕਮ—ਚੇਅਰਮੇਨ ਜ਼ਿਲ੍ਹਾ ਸਪੈਸ਼ਲ ਸੈੱਲ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਦੀ ਅਗਵਾਈ ਵਿੱਚ ਮਾਨਯੋਗ ਸੁਪਰੀਮ ਕੋਰਟ ਜੀ ਦੇ ਹੁਕਮ ਮਿਤੀ 05.05.2026 ਸਬੰਧੀ ਜ਼ਿਲ੍ਹੇ ਨੂੰ ਕਚਰਾ ਮੁਕਤ ਕਰਨ ਲਈ ਜ਼ਿਲ੍ਹਾ ਪੱਧਰੀ ਸਪੈਸ਼ਲ ਸੈੱਲ ਦੇ ਮੈਂਬਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਵਿੱਚ ਉਹਨਾ ਵਲੋਂ ਵੱਖ—ਵੱਖ ਵਿਭਾਗਾਂ ਦੇ ਮੁਖੀਆਂ ਨੂੰ ਉਹਨਾ ਦੀ ਭੂਮਿਕਾ ਅਤੇ ਜਿੰਮੇਵਾਰੀਆਂ ਸਬੰਧੀ ਜਾਣੂ ਕਰਵਾਇਆ ਗਿਆ। ਵਧੀਕ ਡਿਪਟੀ ਕਮਿਸ਼ਨਰ (ਪੇਂ ਵਿ) ਸ਼੍ਰੀਮਤੀ ਅਵਨੀਤ ਕੋਰ, ਸ਼ਹੀਦ ਭਗਤ ਸਿੰਘ ਨਗਰ ਵਲੋਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਭੂਲਕ ਿੰਓਸਟਏ ਘੲਨੲਰੳਟੋਰਸ ਦੀ ਪਹਿਚਾਣ ਕਰਕੇ ਰਜਿਸਟਰਡ ਕੀਤਾ



ਜਾਵੇਗਾ ਅਤੇ ਗਿੱਲਾ ਅਤੇ ਸੁੱਕਾ ਕੂੜਾ ਅਲੱਗ—ਅਲੱਗ ਕਰਕੇ ਲੋਕਲ ਬਾਡੀ ਡਿਪਾਰਟਮੈਂਟ ਨੂੰ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਗਿੱਲੇ ਕੂੜ੍ਹੇ ਦੀ ਕੰਪੋਸਟ ਪਿੱਟਾਂ ਰਾਹੀਂ ਬਾਇਓ ਖਾਦ ਤਿਆਰ ਕੀਤੀ ਜਾਵੇਗੀ। ਇੰ: ਸਿਮਰਨਜੀਤ ਸਿੰਘ ਕਾਰਜਕਾਰੀ ਇੰਜੀਨੀਅਰ—ਕਮ—ਸਕੱਤਰ ਜ਼ਿਲ੍ਹਾ ਸਪੈਸ਼ਲ ਸੈੱਲ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਜੀ ਵਲੋਂ ਦੱਸਿਆ ਗਿਆ ਕਿ ਜਿਲ੍ਹੇ ਦੇ ਸਾਰੇ ਪਿੰਡਾਂ ਵਿੱਚ ਸਾਲਿਡ ਵੇਸਟ ਮੈਨੇਜਮੈਂਟ ਯੂਨਿਟਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਪਿੰਡਾਂ ਵਿੱਚੋਂ ਨਿਕਲਣ ਵਾਲੇ ਗਿੱਲੇ ਅਤੇ ਸੁੱਕੇ ਕੂੜ੍ਹੇ ਨੂੰ 4 ਤਰ੍ਹਾਂ ਨਾਲ ਅਲੱਗ—ਅਲੱਗ ਕਰਕੇ ਸੁਚੱਜੇ ਢੰਗ ਨਾਲ ਨਿਪਟਾਣ ਕੀਤਾ ਜਾਵੇਗਾ। ਜਿਸ ਅਨੁਸਾਰ ਹਰ ਘਰ ਵਿੱਚੋ ਕੂੜ੍ਹੇਦਾਨਾਂ ਰਾਹੀਂ ਅਲੱਗ—ਅਲੱਗ ਕੀਤਾ ਹੋਇਆ ਕੂੜ੍ਹਾ ਵੇਸਟ ਕੁਲੈਕਟਰਾਂ ਰਾਹੀਂ ਪ੍ਰਾਪਤ ਕਰਕੇ ਇਹਨਾਂ ਯੂਨਿਟਾਂ ਤੇ ਗਿੱਲੇ ਕੂੜ੍ਹੇ ਦੀ ਬਾਇਓ ਖਾਦ ਤਿਆਰ ਕੀਤੀ ਜਾਵੇਗੀ ਅਤੇ ਸੁੱਕੇ ਕੂੜੇ ਨੂੰ ਬਲਾਕ ਪੱਧਰੀ ਪਲਾਸਟਿਕ ਵੇਸਟ ਮੈਨੇਜਮੈੱਟਾਂ ਰਾਹੀਂ ਰੀਸਾਈਕਲ ਕਰਨ ਲਈ ਸਬੰਧੰਤ ਇੰਡਸਟਰੀਆਂ ਵਿਖੇ ਭੇਜਿਆ ਜਾਵੇਗਾ। ਅੰਤ ਵਿੱਚ ਡਿਪਟੀ ਕਮਿਸ਼ਨਰ—ਕਮ—ਚੇਅਰਮੈਨ ਜ਼ਿਲ੍ਹਾ ਸਪੈਸ਼ਲ ਸੈੱਲ ਸ਼੍ਰੀ ਗੁਲਪ੍ਰੀਤ ਸਿੰਘ ਔਲਖ ਜੀ ਵਲੋਂ ਮੀਟਿੰਗ ਵਿੱਚ ਹਾਜਰ ਸਮੂਹ ਮੈਂਬਰਾਂ ਨੂੰ ਕਿਹਾ ਗਿਆ ਕਿ ਮਾਨਯੋਗ ਸੁਪਰੀਮ ਕੋਰਟ ਜੀ ਦੇ ਹੁਕਮ ਸਾਲਿਡ ਵੇਸਟ ਮੈਨੇਜਮੈਂਟ ਰੂਲ 2026 ਦੀ ਇੰਨ—ਬਿੰਨ ਪਾਲਣਾ ਕੀਤੀ ਜਾਵੇ ਜ਼ੋ ਕਿ ਭਵਿੱਖ ਵਿੱਚ ਕੂੜ੍ਹੇ—ਕਚਰੇ ਦੇ ਪ੍ਰਬੰਧਨ ਲਈ ਮੀਲ ਪੱਥਰ ਸਾਬਿਤ ਹੋਵੇਗਾ।

# ਪੀਰ ਬਾਬਾ ਨੂਰੇ ਸ਼ਾਹ ਜੀ ਸਹੂੰਗੜਾ ਦੇ ਮੇਲੇ ਤੇ ਵੈਦ ਮਨਪ੍ਰੀਤ ਸੂਦ ਦੀ ਟੀਮ ਨੇ ਫ੍ਰੀ ਮੈਡੀਕਲ ਕੈਂਪ ਲਗਾਇਆ

**ਸੜੋਆ (ਸਤਨਾਮ ਸਿੰਘ ਸਹੂੰਗੜਾ)**
ਅੱਜ ਪੀਰ ਬਾਬਾ ਨੂਰੇ ਸ਼ਾਹ ਜੀ ਦੀ ਪਵਿੱਤਰ ਦਰਗਾਹ ਤੇ ਪਿੰਡ ਸਹੂੰਗੜਾ ਦੀ ਪੰਚਾਇਤ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਸਹੂੰਗੜਾ ਵਿਖੇ ਸਲਾਨਾਂ ਮੇਲਾ ਕਰਵਾਇਆ ਗਿਆ। ਇਸ ਮੇਲੇ ਦੌਰਾਨ ਵੱਖ ਵੱਖ ਕਲਾਕਾਰਾਂ ਵੱਲੋਂ ਹਾਜ਼ਰੀ ਭਰ ਕੇ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਮੇਲੇ ਦੇ ਪਹਿਲੇ ਦਿਨ ਸਭ ਤੋਂ ਪਹਿਲਾਂ ਝੰਡੇ ਦੀ ਰਸਮ ਕੀਤੀ ਗਈ। ਸ਼ਾਮ ਦੇ ਸਮੇਂ ਚਿਰਾਗ ਜਲਾਏ ਗਏ ਤੇ ਕੱਵਾਲ ਅਸ਼ਰਫ ਰਵੀ ਦੇ ਗਰੁੱਪ ਵੱਲੋਂ ਪੀਰਾਂ ਦੀ ਸ਼ਾਨ ਵਿੱਚ ਲੱਗੀ ਮਹਿਫ਼ਲ ਵਿੱਚ ਖੂਬ ਰੰਗ ਬੰਨ੍ਹਿਆ। ਮੇਲੇ ਦੇ ਦੂਸਰੇ ਦਿਨ ਪੰਜਾਬ ਦੇ ਵੱਖ ਵੱਖ ਸ਼ਹਿਰਾਂ, ਪਿੰਡਾਂ ਤੋਂ ਆਏ ਕਲਾਕਾਰਾਂ ਨੇ ਖੂਬ ਰੰਗ ਬੰਨ੍ਹਿਆ। ਇਸ ਮੇਲੇ ਵਿੱਚ ਜੱਸਾ ਫਤਿਹਪੁਰੀਆ, ਮੰਗਤ ਅਲੀ, ਸਤਨਾਮ ਆਲਮ ਤੇ ਬੀਬਾ ਮਨਜੀਤ ਆਲਮ, ਸੋਨੀ ਸਰੋਆ, ਪ੍ਰਦੀਪ ਮਿਊਜ਼ਿਕ ਗਰੁੱਪ, ਦੇਵ ਵਿਰਕ ਤੇ ਬੀਬਾ ਰੀਟਾ ਸਿੱਧੂ ਤੋਂ ਬਾਅਦ ਅਖੀਰ



ਵਿੱਚ ਇੰਦਰ ਮਾਨ ਤੇ ਬੀਬਾ ਸ਼ਹਿਨਾਜ਼ ਅਖ਼ਤਰ ਦੀ ਜੋੜੀ ਨੇ ਆਪਣੀ ਗਾਇਕੀ ਨਾਲ ਮੇਲਾ ਆਪਣੇ ਨਾਮ ਕਰਵਾ ਲਿਆ। ਕੁੱਝ ਸਮਾਂ ਪਹਿਲਾਂ ਇਸ ਦੁਨੀਆਂ ਨੂੰ ਅਲਵਿਦਾ ਕਹਿਣ ਵਾਲੇ ਜਸਵੀਰ ਸਿੰਘ ਵਿੱਕੀ ਪਰਿਵਾਰ ਵਲੋਂ ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਤੇ ਸਵਰਗੀ ਵਪਾਰੀ ਰਤਨ ਸਿੰਘ ਕਲੇਰ ਦੇ ਪੁੱਤਰਾਂ ਗੁਰਪ੍ਰੀਤ ਸਿੰਘ ਤੇ ਅਸ਼ੋਕ ਕੁਮਾਰ ਵਲੋਂ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ। ਦੂਰੋਂ ਨੇੜਿਓਂ ਪਹੁੰਚੀ ਸੰਗਤ ਵਾਸਤੇ ਪ੍ਰਬੰਧਕ ਕਮੇਟੀ ਵਲੋਂ ਲੰਗਰ ਦਾ ਵੀ ਆਯੋਜਨ ਕੀਤਾ ਗਿਆ। ਇਸ ਮੇਲੇ ਦੌਰਾਨ ਸਰਪੰਚ ਹਰਭਜਨ ਸਿੰਘ ਵੈਦ ਦੀ ਗੁਜਾਰਿਸ਼ ਤੇ ਵੈਦ ਮਨਪ੍ਰੀਤ ਸਿੰਘ ਆਲੋਵਾਲ ਤੇ ਡਾਕਟਰ ਸੁਰੇਸ਼ ਵਿੱਜ ਦੀ ਟੀਮ ਵਲੋਂ ਮੇਲੇ ਦੇ ਸੰਬੰਧ ਵਿੱਚ ਫ੍ਰੀ ਮੈਡੀਕਲ ਕੈਂਪ ਵੀ ਲਗਾਇਆ। ਜਿਸ ਦਾ ਲੋੜਵੰਦ ਮਰੀਜ਼ਾਂ ਨੇ ਪੂਰਾ ਫ਼ਾਇਦਾ ਲਿਆ। ਇਸ ਮੈਡੀਕਲ ਕੈਂਪ ਦੀ ਟੀਮ ਵੱਲੋਂ ਇਸ ਮੌਕੇ ਵੈਦ ਮਨਪ੍ਰੀਤ ਸੂਦ ਆਲੋਵਾਲ, ਵੈਦ ਬਲਵਿੰਦਰ ਸਿੰਘ ਪਨਾਮ , ਵੈਦ ਹਕੀਕਤ ਰਾਏ ਵਲੋਂ ਹਾਜ਼ਰੀ ਲਗਵਾਈ ਗਈ। ਚੌਂਕੀਦਾਰ ਜਗਤਾਰ ਸਿੰਘ ਸੇਵਾਦਾਰ ਦੀ ਟੀਮ ਦੇ ਨੌਜਵਾਨ ਮੁੰਡਿਆਂ ਵਲੋਂ ਆਈਆਂ ਸੰਗਤਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ। ਅਖੀਰ ਸਰਪੰਚ ਹਰਭਜਨ ਸਿੰਘ ਸਹੂੰਗੜਾ, ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮੇਲਾ ਅਗਲੇ ਸਾਲ ਫਿਰ ਲੱਗਣ ਦੀ ਆਸ ਨਾਲ ਸਮਾਪਤ ਹੋ ਗਿਆ।

# ਸੰਸਥਾ ਪਠਲਾਵਾ ਦੇ ਮੀਟਿੰਗ 11 ਜੁਲਾਈ ਨੂੰ

**ਬੰਗਾ,8 ਜੁਲਾਈ ( ਚਰਨਜੀਤ ਸੱਲ੍ਹਾ)** ਇਲਾਕੇ ਦੀ ਸਿਰਮੌਰ ਸੰਸਥਾ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਜੋਂ ਸਮਾਜ ਸੇਵੀ ਕਾਰਜਾਂ ਨੂੰ ਸਮਰਪਿਤ ਦੀ ਭਾਵਨਾ ਨਾਲ ਨੇਪਰੇ ਚਾੜ੍ਹਨ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਜਾਣੀ ਜਾਂਦੀ ਹੈ ਦੀ ਮਾਸਿਕ ਮੀਟਿੰਗ 11 ਜੁਲਾਈ ਦਿਨ ਸ਼ਨੀਵਾਰ ਨੂੰ ਵਾਰੀਆ ਪਰਿਵਾਰ ਦੇ ਗ੍ਰਹਿ ਪਿੰਡ ਪਠਲਾਵਾ ਵਿਖੇ ਸਵੇਰੇ 8 30 ਵਜੇ ਹੋਣ ਜਾ ਰਹੀ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ,ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ ਮੁੱਖ ਬੁਲਾਰੇ ਲੈਕਚਰਾਰ



ਤਰਸੇਮ ਪਠਲਾਵਾ ਅਤੇ ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ ਨੇ ਦੱਸਿਆ ਕਿ ਇਸ ਮੀਟਿੰਗ ਦੀ ਪ੍ਰਧਾਨਗੀ ਸੰਸਥਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ ਜੀ ਕਰਨਗੇ । ਮੀਟਿੰਗ ਦੇ ਏਜੰਡੇ ਵਾਰੇ ਗੱਲ ਕਰਦਿਆਂ ਆਖਿਆ ਕਿ ਬਰਸਾਤ ਦਾ ਮੌਸਮ ਚਲ ਰਿਹਾ ਹੈ ਜਿਸ ਲਈ ਸੰਸਥਾ ਦੇ ਯੂਨੀਕ ਪਰੋਜੈਕਟ ਸਾਂਝੀਆਂ ਛਾਵਾਂ ਤਹਿਤ ਬੂਟੇ ਲਗਾਉਣ ਦੇ ਕਾਰਜਾਂ ਨੂੰ ਵਿਧੀਵਤ ਢੰਗ ਨਾਲ ਨੇਪਰੇ ਚਾੜ੍ਹਨ ਹਿੱਤ ਇਕ ਵਿਸਤ੍ਰਿਤ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸ ਦੇ ਨਾਲ ਸੰਸਥਾ ਵਲੋਂ ਪਿੰਡ ਗੜ੍ਹੱਪੜ ਵਿਚ ਪੇਂਡੂ ਲੜਕੀਆਂ ਲਈ ਚਲਾਏ ਜਾ ਰਹੇ ਮੁਫ਼ਤ ਸਿਲਾਈ ਸੈਂਟਰ ਦੀ ਸਮਾਪਤੀ ਤੇ ਸਿਖਿਆਰਥਣਾਂ ਨੂੰ ਸਰਟੀਫਿਕੇਟ ਵੰਡਣ ਲਈ ਕਾਰਜ ਨੂੰ ਅੰਜਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਗਾਜਰ ਬੂਟੀ ਦੇ ਖਾਤਮੇ ਲਈ ਵੀ ਰਣਨੀਤੀ ਤਿਆਰ ਕੀਤੀ ਜਾਵੇਗੀ। ਸੰਸਥਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਨ ਸਮੇਂਤ ਇਸਤਰੀ ਵਿੰਗ ਨੂੰ ਸਤਿਕਾਰ ਸਹਿਤ ਅਪੀਲ ਕਰਦਿਆਂ ਆਖਿਆ ਕਿ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਮੇਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

# 2027 'ਚ ਇਕਜੁੱਟਤਾ ਨਾਲ ਪੰਜਾਬ 'ਚ ਬਣਾਵਾਂਗੇ ਕਾਂਗਰਸ ਦੀ ਸਰਕਾਰ : ਐਡਵੋਕੇਟ ਰੋਹਿਤ ਜੋਸ਼ੀ

## "ਭਾਜਪਾ ਦਾ ਝੂਠਾ ਪ੍ਰਚਾਰ ਫੇਲ੍ਹ, ਰਾਹੁਲ ਗਾਂਧੀ ਦੀ ਅਗਵਾਈ ਹੇਠ ਦੇਸ਼ ਅਤੇ ਪੰਜਾਬ ਵਿੱਚ ਕਾਂਗਰਸ ਲਗਾਤਾਰ ਹੋ ਰਹੀ ਮਜ਼ਬੂਤ"

**ਹੁਸ਼ਿਆਰਪੁਰ , 7 ਜੁਲਾਈ ( ਤਰਸੇਮ ਦੀਵਾਨਾ ) –** ਉੱਘੇ ਕਾਂਗਰਸੀ ਆਗੂ ਐਡਵੋਕੇਟ ਰੋਹਿਤ ਜੋਸ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਭਰ ਵਿੱਚ ਕਾਂਗਰਸ ਲਗਾਤਾਰ ਮਜ਼ਬੂਤ ਹੋ ਰਹੀ ਹੈ ਅਤੇ ਕੇਂਦਰ ਵਿੱਚ ਮੁੜ ਸਰਕਾਰ ਬਣਾਉਣ ਦੀ ਦਿਸ਼ਾ ਵੱਲ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਈ ਰਾਜਾਂ ਵਿੱਚ ਕਾਂਗਰਸ ਦੀਆਂ ਸਰਕਾਰਾਂ ਬਣਨ ਨਾਲ ਪਾਰਟੀ ਵਰਕਰਾਂ ਦਾ ਮਨੋਬਲ ਬਹੁਤ ਉੱਚਾ ਹੋਇਆ ਹੈ। ਹੁਣ ਸਾਲ 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਕਾਂਗਰਸ ਕੋਲ ਲੋਕਾਂ ਦਾ ਭਰੋਸਾ ਜਿੱਤ ਕੇ ਸੂਬੇ ਵਿੱਚ ਮੁੜ ਸਰਕਾਰ ਬਣਾਉਣ ਦਾ ਇੱਕ ਸੁਨਹਿਰੀ ਮੌਕਾ ਹੈ।ਐਡਵੋਕੇਟ ਰੋਹਿਤ ਜੋਸ਼ੀ ਨੇ ਪੰਜਾਬ ਕਾਂਗਰਸ ਦੇ ਸਮੂਹ ਆਗੂਆਂ ਅਤੇ ਵਰਕਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਉਹ ਆਪਣੇ ਨਿੱਜੀ ਮਤਭੇਦਾਂ ਅਤੇ ਫੁੱਟਬਾਜ਼ੀ ਨੂੰ ਪਿੱਛੇ ਛੱਡ ਕੇ ਇਕਜੁੱਟ ਹੋ ਕੇ ਕੰਮ ਕਰਨ। ਉਨ੍ਹਾਂ ਕਿਹਾ "ਵਿਰੋਧੀ ਪਾਰਟੀਆਂ ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਕਾਂਗਰਸ ਵਿਰੁੱਧ ਦੁਰਪ੍ਰਚਾਰ ਕਰਨ ਦਾ ਕੋਈ ਵੀ ਮੌਕਾ ਨਹੀਂ ਮਿਲਣਾ ਚਾਹੀਦਾ। ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਪਾਰਟੀ ਅਤੇ ਲੋਕ ਹਿੱਤ ਵਿੱਚ ਕੰਮ ਕਰਨਾ ਚਾਹੀਦਾ ਹੈ ਅਤੇ ਰਾਹੁਲ ਗਾਂਧੀ ਦੀ ਅਗਵਾਈ ਨੂੰ ਹੋਰ



ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਕਾਂਗਰਸ ਦੀ ਇਕਜੁੱਟਤਾ ਅਤੇ ਲੋਕ-ਹਿੱਤ ਦੀ ਰਾਜਨੀਤੀ ਦੇ ਬਲਬੂਤੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੇਗੀ, ਜਿਸ ਨਾਲ ਸੂਬੇ ਅਤੇ ਦੇਸ਼ ਨੂੰ ਮੁੜ ਵਿਕਾਸ ਤੇ ਖੁਸ਼ਹਾਲੀ ਦੇ ਰਾਹ 'ਤੇ ਲਿਜਾਇਆ ਜਾ ਸਕੇਗਾ। ਐਡਵੋਕੇਟ ਜੋਸ਼ੀ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਾਲ 2014 ਤੋਂ ਸੱਤਾ ਸੰਭਾਲਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੰਦੇ ਰਹੇ ਹਨ, ਪਰ ਅੱਜ ਦੇਸ਼ ਦੀ ਜਨਤਾ ਇਸ ਰਾਜਨੀਤੀ ਦੀ ਅਸਲੀਅਤ ਨੂੰ ਚੰਗੀ ਤਰ੍ਹਾਂ ਸਮਝ ਚੁੱਕੀ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਿਰੁੱਧ ਸਾਲਾਂ ਤੱਕ ਕੂੜ ਪ੍ਰਚਾਰ ਕੀਤਾ ਗਿਆ, ਪਰ ਹੁਣ ਲੋਕਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਭਾਜਪਾ ਦੀ ਰਾਜਨੀਤੀ ਸਿਰਫ਼ ਝੂਠ ਅਤੇ ਭਰਮ ਫੈਲਾਉਣ 'ਤੇ ਆਧਾਰਿਤ ਹੈ। ਉਨ੍ਹਾਂ ਅੱਗੇ ਕਿਹਾ ਕਿ ਪਿਛਲੇ ਇੱਕ ਦਹਾਕੇ ਦੌਰਾਨ ਭਾਜਪਾ ਨੇ ਰਾਹੁਲ ਗਾਂਧੀ ਅਤੇ ਗਾਂਧੀ ਪਰਿਵਾਰ ਦੀ ਛਵੀ ਖਰਾਬ ਕਰਨ ਲਈ ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਮਾਧਿਅਮਾਂ 'ਤੇ ਕਰੋੜਾਂ ਰੁਪਏ ਪਾਣੀ ਵਾਂਗ ਵਹਾਏ, ਪਰ ਇਸ ਦੇ ਬਾਵਜੂਦ ਰਾਹੁਲ ਗਾਂਧੀ ਦੀ ਲੋਕਪ੍ਰਿਯਤਾ ਲਗਾਤਾਰ ਵਧੀ ਹੈ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਨੇ ਦੇਸ਼ ਭਰ ਵਿੱਚ ਆਮ ਲੋਕਾਂ, ਗਰੀਬਾਂ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਸੜਕ ਤੋਂ ਸੰਸਦ ਤੱਕ ਮਜ਼ਬੂਤੀ ਨਾਲ ਉਠਾਇਆ ਹੈ ਅਤੇ ਉਹ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਨਿਆਂ, ਸੰਵਿਧਾਨ ਅਤੇ ਲੋਕਤੰਤਰ ਦੀ ਰੱਖਿਆ ਲਈ ਸੰਘਰਸ਼ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸੇ ਸੰਘਰਸ਼ ਸਦਕਾ ਅੱਜ ਨਾ ਸਿਰਫ਼ ਦੇਸ਼ ਵਿੱਚ, ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਉਨ੍ਹਾਂ ਦੀ ਸਵੀਕਾਰਤਾ ਵਧੀ ਹੈ ਅਤੇ ਆਮ ਲੋਕ ਉਨ੍ਹਾਂ ਨੂੰ ਆਪਣੀ ਸੱਚੀ ਆਵਾਜ਼ ਮੰਨਣ ਲੱਗ ਪਏ ਹਨ। ਐਡਵੋਕੇਟ ਰੋਹਿਤ ਜੋਸ਼ੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਨੇ ਦੇਸ਼ ਦੀ ਅਰਥਵਿਵਸਥਾ ਨੂੰ ਬੁਰੀ ਤਰ੍ਹਾਂ ਕਮਜ਼ੋਰ ਕਰ ਦਿੱਤਾ ਹੈ, ਜਿਸ ਕਾਰਨ ਅੱਜ ਆਮ ਲੋਕ ਰਿਕਾਰਡ ਤੋੜ ਮਹਿੰਗਾਈ, ਬੇਰੁਜਗਾਰੀ ਅਤੇ ਭਾਰੀ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਪੰਜਾਬ ਦੇ ਲੋਕ ਹੁਣ ਇਸ ਮੌਜੂਦਾ ਸਿਸਟਮ ਤੋਂ ਬਦਲਾਅ ਚਾਹੁੰਦੇ ਹਨ। ਜਨਤਾ ਭਾਜਪਾ ਅਤੇ ਆਮ ਆਦਮੀ ਪਾਰਟੀ ਦੀਆਂ ਲੋਕ-ਵਿਰੋਧੀ ਨੀਤੀਆਂ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਕੇ ਹੁਣ ਕਾਂਗਰਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ।

# ਸਤਲੁਜ ਫ਼ਿਲਮ ਤੇ ਪਾਬੰਦੀ ਸੱਚ ਨੂੰ ਦਬਾਉਣ ਦੀ ਵੱਡੀ ਕੋਸ਼ਿਸ਼, ਇਤਿਹਾਸ ਨੂੰ ਕਦੇ ਵੀ ਮਿਟਾਇਆ ਨਹੀਂ ਜਾ ਸਕਦਾ: ਜਥੇਦਾਰ ਸੁਰਜੀਤ ਸਿੰਘ ਦੋਭਾਲੀ

**ਨਵਾਂਸ਼ਹਿਰ 7 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ** ) ਫ਼ਿਲਮ ਸਤਲੁਜ ਤੇ ਲਗਾਈ ਗਈ ਪਾਬੰਦੀ ਦੀ ਸਖ਼ਤ ਨਿਖੇਧੀ ਕਰਦਿਆਂ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ ) ਸਟੇਟ ਡੈਲੀਗੇਟ ਨੇ ਕਾਠਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਿਹਾ ਕਿ ਇਹ ਸਿਰਫ਼ ਇੱਕ ਫ਼ਿਲਮ ਤੇ ਰੋਕ ਨਹੀਂ, ਸਗੋਂ ਪੰਜਾਬ ਦੇ 1980 ਅਤੇ 1990 ਦੇ ਦਹਾਕਿਆਂ ਨਾਲ ਜੁੜੇ ਇਤਿਹਾਸ, ਉਸ ਦੌਰ ਦੇ ਦਰਦ ਅਤੇ ਮਨੁੱਖੀ ਅਧਿਕਾਰਾਂ ਨਾਲ ਸੰਬੰਧਿਤ ਮੁੱਦਿਆਂ ਨੂੰ ਦਬਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਨੂੰ ਪਾਬੰਦੀਆਂ ਰਾਹੀਂ ਮਿਟਾਇਆ ਨਹੀਂ ਜਾ ਸਕਦਾ ਅਤੇ ਸੱਚ ਨੂੰ ਹਮੇਸ਼ਾ ਲਈ ਖ਼ਾਮੋਸ਼ ਨਹੀਂ ਕੀਤਾ ਜਾ ਸਕਦਾ। ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਕਿਹਾ ਕਿ ਸਤਲੁਜ ਫ਼ਿਲਮ ਪੰਜਾਬ ਦੇ ਅਸ਼ਾਂਤ ਦੌਰ ਦੌਰਾਨ ਵਾਪਰੀਆਂ ਘਟਨਾਵਾਂ, ਕਥਿਤ ਝੂਠੇ ਪੁਲਿਸ ਮੁਕਾਬਲਿਆਂ, ਲਾਪਤਾ ਕੀਤੇ ਗਏ ਨੌਜਵਾਨਾਂ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੇ ਦੋਸ਼ਾਂ ਨੂੰ ਲੋਕਾਂ ਸਾਹਮਣੇ



ਲਿਆਉਣ ਦਾ ਇੱਕ ਯਤਨ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਸਿੱਖ ਕੌਮ ਨਾਲ ਸੰਬੰਧਿਤ ਇਤਿਹਾਸਕ ਮੁੱਦਿਆਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਹੁੰਦੀ ਹੈ ਤਾਂ ਉਨ੍ਹਾਂ ਨੂੰ ਰੋਕਣ ਦੇ ਯਤਨ ਕੀਤੇ ਜਾਂਦੇ ਹਨ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਦੇ ਉਲਟ ਹਨ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ ਨਾਲ ਜਾਣੂ ਕਰਵਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਤਾਂ ਜੋ ਉਹ 1980-90 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਅਤੇ ਉਸ ਸਮੇਂ ਨਾਲ ਜੁੜੇ ਵੱਖ-ਵੱਖ ਇਤਿਹਾਸਕ ਪੱਖਾਂ ਬਾਰੇ ਜਾਣਕਾਰੀ ਹਾਸਲ ਕਰ ਸਕਣ। ਉਨ੍ਹਾਂ ਇਤਿਹਾਸ ਨੂੰ ਸਮਝਣਾ ਹਰ ਨੌਜਵਾਨ ਦਾ ਹੱਕ ਹੈ ਅਤੇ ਅਤੀਤ ਤੋਂ ਸਿੱਖ ਕੇ ਹੀ ਭਵਿੱਖ ਬਿਹਤਰ ਨੂੰ ਬਣਾਇਆ ਜਾ ਸਕਦਾ ਹੈ। ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਕੇਂਦਰ ਅਤੇ ਸੰਬੰਧਿਤ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਤਲੁਜ ਫ਼ਿਲਮ ਤੇ ਲਗਾਈ ਗਈ ਪਾਬੰਦੀ ਤੁਰੰਤ ਵਾਪਸ ਲਈ ਜਾਵੇ ਅਤੇ ਇਸ ਦੇ ਜਨਤਕ ਪ੍ਰਦਰਸ਼ਨ ਦਾ ਰਾਹ ਸਾਫ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੱਚ, ਇਤਿਹਾਸ ਅਤੇ ਵਿਚਾਰਾਂ ਨੂੰ ਰੋਕਣ ਦੀ ਬਜਾਏ ਉਨ੍ਹਾਂ ਤੇ ਖੁੱਲ੍ਹੀ ਚਰਚਾ ਹੋਣੀ ਚਾਹੀਦੀ ਹੈ, ਕਿਉਂਕਿ ਇਨਸਾਫ਼ ਅਤੇ ਸੱਚਾਈ ਹੀ ਇੱਕ ਮਜ਼ਬੂਤ ਅਤੇ ਲੋਕਤੰਤਰੀ ਸਮਾਜ ਦੀ ਨੀਂਹ ਹੁੰਦੇ ਹਨ।

# ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲਿਆਂ ਨੇ ਗੁਰਦਿਆਲ ਬੋਧ ਦੇ ਨਾਲ ਰਲ ਕੇ ਬਾਬਾ ਸਾਹਿਬ ਭੀਮ ਰਾਓ ਡਾ ਅੰਬੇਦਕਰ ਦੇ ਬੁੱਤ ਦਾ ਉਦਘਾਟਨ ਕੀਤਾ







**ਬੰਗਾ( ਚਰਨਜੀਤ ਸੱਲ੍ਹਾ)** ਪਿੰਡ ਮਹੰਤ ਗੁਰਬਚਨ ਦਾਸ ਨਗਰ ( ਫਰਾਲਾ) SBS nagar ਵਿੱਚ ਬਾਬਾ ਸਾਹਿਬ ਅੰਬੇਡਕਰ ਜੀ ਦੇ ਆਦਮ ਕੱਦ ਬੁੱਤ ਦੀ ਸਥਾਪਨਾ ਕੀਤੀ ਗਈ। ਇਸ ਮੌਕੇ ਤੇ ਕੌਮ ਦੇ ਮਹਾਨ ਸੰਤ ਕੌਮ ਦੇ ਦਰਦ ਨੂੰ ਨੇੜਿਓਂ ਦੇਖਣ ਸਮਝਣ ਵਾਲੇ 108 ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਬਾਬਾ ਸਾਹਿਬ ਜੀ ਦੀ ਪ੍ਰੀਤਮਾ ਦਾ ਉਦਘਾਟਨ ਕੀਤਾ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਉੱਘੇ ਅੰਬੇਡਕਰੀ ਸਮਾਜ ਸੇਵੀ ਸ੍ਰੀ ਗੁਰਦਿਆਲ ਬੋਧ ਜੀ ਨੇ ਵੀ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਤੇ ਚਾਨਣਾ ਪਾਇਆ ਇਸ ਵਿੱਚ ਧਰਮ ਪਾਲ ਤਲਵੰਡੀ ਨੂੰ ਵੀ ਕੁੱਝ ਮਿੰਟ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ ਸਟੇਜ ਸਕੱਤਰ ਦੀ ਸੇਵਾ ਪ੍ਰਕਾਸ਼ ਫਰਾਲਾ ਨੇ ਨਿਭਾਈ ਹੋਰ ਵੀ ਵੱਖ ਵੱਖ ਪਿੰਡਾਂ ਪਿੰਡਾਂ ਤੋਂ ਆਗੂ ਸਹਿਬਾਨ, ਪਿੰਡ ਦੇ ਪੰਚ ਸਰਪੰਚ ਭੈਣ ਜੀ ਕੇਹਰ ਚੰਦ ਫਰਾਲਾ ਇੰਸ ਕਸ਼ਮੀਰੀ ਲਾਲ, ਕੁਲਦੀਪ ਬਹਿਰਾਮ, ਤੀਰਥ ਕਲਸੀ, ਦਰਸ਼ਨ ਬਹਿਰਾਮ ਅਦਵ. ਮਨਜੀਤ ਸਿੰਘ ਮਦਨ ਲਾਲ ਅਤੇ ਵੱਡੀ ਗਿਣਤੀ ਵਿੱਚ ਬੱਚੇ,ਬੀਬੀਆਂ ,ਬਜ਼ੁਰਗ ਅਤੇ ਨੌਜਵਾਨ ਪੀੜ੍ਹੀ ਹਾਜ਼ਰ ਸੀ ।

# ਹੁਸ਼ਿਆਰਪੁਰ ਪੁਲਿਸ ਦੀ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਵੱਡੇ ਹਾਰਨ ਅਤੇ ਬਿਨਾਂ ਨੰਬਰ ਪਲੇਟ ਵਾਲਾ ਮੋਟਰਸਾਈਕਲ ਜ਼ਬਤ

**ਹੁਸ਼ਿਆਰਪੁਰ, 7 ਜੁਲਾਈ ( ਤਰਸੇਮ ਦੀਵਾਨਾ )** – ਜ਼ਿਲ੍ਹੇ ਵਿੱਚ ਟ੍ਰੈਫਿਕ ਵਿਵਸਥਾ ਨੂੰ ਦਰੁਸਤ ਕਰਨ ਅਤੇ ਹੁਲੜਬਾਜ਼ਾਂ ਨੂੰ ਨੱਥ ਪਾਉਣ ਲਈ ਹੁਸ਼ਿਆਰਪੁਰ ਪੁਲਿਸ ਵੱਲੋਂ ਸਖ਼ਤ ਮੁਹਿੰਮ ਵਿੱਢੀ ਗਈ ਹੈ। ਇਸੇ ਤਹਿਤ ਸਥਾਨਕ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਚੌਂਕ ਵਿਖੇ ਟ੍ਰੈਫਿਕ ਇੰਚਾਰਜ ਸਬ ਇੰਸਪੈਕਟਰ ਸੁਰਿੰਦਰ ਕੁਮਾਰ ਦੀ ਅਗਵਾਈ ਹੇਠ ਵਿਸ਼ੇਸ਼ ਨਾਕਾਬੰਦੀ ਕੀਤੀ ਗਈ ਸੀ। ਨਾਕੇ ਦੌਰਾਨ ਜਦੋਂ ਪੁਲਿਸ ਟੀਮ ਵੱਲੋਂ ਇੱਕ ਸ਼ੱਕੀ ਮੋਟਰਸਾਈਕਲ ਸਵਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ, ਤਾਂ ਚਾਲਕ ਪੁਲਿਸ ਨੂੰ ਦੇਖ ਕੇ ਮੋਟਰਸਾਈਕਲ ਮੌਕੇ 'ਤੇ ਹੀ ਛੱਡ ਕੇ ਭੱਜ ਗਿਆ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਵਾਹਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਹੀਰੋ ਹਾਂਡਾ ਕੰਪਨੀ ਦੇ ਇਸ ਮੋਟਰਸਾਈਕਲ (ਨੰਬਰ ਫਭ-07-ਛੰ-5266) 'ਤੇ ਬਹੁਤ ਵੱਡਾ (ਗੈਰ-ਕਾਨੂੰਨੀ) ਹਾਰਨ ਅਤੇ ਕਈ ਗੈਰ-ਜ਼ਰੂਰੀ ਲਾਈਟਾਂ ਲਗਾਈਆਂ ਹੋਈਆਂ ਸਨ। ਇਸ ਤੋਂ ਇਲਾਵਾ



ਮੋਟਰਸਾਈਕਲ ਦੇ ਪਿਛਲੇ ਪਾਸੇ ਕੋਈ ਨੰਬਰ ਪਲੇਟ ਵੀ ਨਹੀਂ ਸੀ। ਹਾਲਾਂਕਿ, ਕੁਝ ਸਮੇਂ ਬਾਅਦ ਮੋਟਰਸਾਈਕਲ ਚਾਲਕ ਖ਼ੁਦ ਪੁਲਿਸ ਕੋਲ ਪੇਸ਼ ਹੋ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਐਸ.ਐਸ.ਪੀ. ਹੁਸ਼ਿਆਰਪੁਰ ਸੰਦੀਪ ਮਲਿਕ ਆਈ ਪੀ ਐਸ ਵੱਲੋਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਮੋਟਰਸਾਈਕਲ, ਸਕੂਟਰ ਜਾਂ ਐਕਟਿਵਾ 'ਤੇ ਪਟਾਕੇ ਮਾਰਨ ਵਾਲੇ ਸਾਇਲੈਂਸਰ, ਗੈਰ-ਕਾਨੂੰਨੀ ਵੱਡੇ ਹਾਰਨ, ਬਿਨਾਂ ਵਜ੍ਹਾ ਲਗਾਈਆਂ ਲਾਈਟਾਂ ਅਤੇ ਟ੍ਰਿਪਲ ਰਾਈਡਿੰਗ (ਤਿੰਨ ਸਵਾਰੀਆਂ) ਕਰਨ ਵਾਲਿਆਂ ਖ਼ਿਲਾਫ਼ ਤੁਰੰਤ ਸਖ਼ਤ ਚਲਾਨ ਕੱਟੇ ਜਾਣ। ਟ੍ਰੈਫਿਕ ਇੰਚਾਰਜ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਵਾਹਨਾਂ ਦੇ ਸਾਰੇ ਕਾਗਜ਼ਾਤ ਪੂਰੇ ਰੱਖਣ ਅਤੇ ਵਾਹਨਾਂ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਾ ਕਰਨ। ਉਨ੍ਹਾਂ ਕਿਹਾ ਕਿ ਮੋਟਰਸਾਈਕਲਾਂ 'ਤੇ ਲਗਾਏ ਜਾਣ ਵਾਲੇ ਉੱਚੀ ਆਵਾਜ਼ ਵਾਲੇ ਹਾਰਨ ਸੜਕ 'ਤੇ ਚੱਲਣ ਵਾਲੇ ਦਿਲ ਦੇ ਮਰੀਜ਼ਾਂ ਲਈ ਬੇਹੱਦ ਖ਼ਤਰਨਾਕ ਸਾਬਤ ਹੁੰਦੇ ਹਨ, ਜਿਸ ਨਾਲ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਬਣ ਸਕਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।

**ਫੋਟੋ ਅਜਮੇਰ ਦੀਵਾਨਾ**

# ਗੋਡਿਆਂ ਦੀਆਂ ਦਰਦਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਸਮੇਂ ਸਿਰ ਇਲਾਜ ਨਾਲ ਅਪਰੇਸ਼ਨ ਤੋਂ ਬਚਿਆ ਜਾ ਸਕਦਾ : ਡਾ. ਪਰਮਿੰਦਰ ਸਿੰਘ ਵਾਰੀਆ

**ਬੰਗਾ, 7 ਜੁਲਾਈ (ਚਰਨਜੀਤ ਸੱਲ੍ਹਾ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਹੱਡੀਆਂ ਅਤੇ ਜੋੜਾਂ ਦੇ ਰੋਗਾਂ ਦੇ ਮਾਹਿਰ ਡਾ. ਪਰਮਿੰਦਰ ਸਿੰਘ ਵਾਰੀਆ ਐੱਮ.ਐੱਸ. (ਆਰਥੋਪੀਡਿਕਸ) ਨੇ ਕਿਹਾ ਹੈ ਕਿ ਗੋਡਿਆਂ ਦੇ ਦਰਦਾਂ ਨੂੰ ਕਦੇ ਵੀ ਆਮ ਸਮੱਸਿਆ ਸਮਝ ਕੇ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ । ਸਮੇਂ ਸਿਰ ਸਹੀ ਜਾਂਚ ਅਤੇ ਮਾਹਿਰ ਇਲਾਜ ਨਾਲ ਨਾ ਸਿਰਫ਼ ਦਰਦ ਤੋਂ ਰਾਹਤ ਮਿਲ ਸਕਦੀ ਹੈ, ਸਗੋਂ ਭਵਿੱਖ ਵਿੱਚ ਹੋਣ ਵਾਲੀਆਂ ਗੰਭੀਰ ਪੇਚੀਦਗੀਆਂ ਅਤੇ ਵੱਡੇ ਆਪ੍ਰੇਸ਼ਨਾਂ ਤੋਂ ਵੀ ਬਚਾਅ ਸੰਭਵ ਹੈ।

ਡਾ. ਪਰਮਿੰਦਰ ਸਿੰਘ ਵਾਰੀਆ ਨੇ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਗੋਡਿਆਂ ਦੇ ਦਰਦ ਦੀ ਸਮੱਸਿਆ ਸਿਰਫ਼ ਬਜ਼ੁਰਗਾਂ ਤੱਕ ਸੀਮਿਤ ਨਹੀਂ ਰਹੀ, ਬਲਕਿ ਨੌਜਵਾਨਾਂ ਵਿੱਚ ਵੀ ਇਹ ਤੇਜ਼ੀ ਨਾਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਵੱਧਦਾ ਸਰੀਰਕ ਭਾਰ, ਪੁਰਾਣੀਆਂ ਸੱਟਾਂ, ਕੈਲਸ਼ੀਅਮ ਅਤੇ ਵਿਟਾਮਿਨ-ਡੀ ਦੀ ਘਾਟ, ਗਠੀਆ, ਜੋੜਾਂ ਦਾ ਘਿਸਣਾ ਅਤੇ ਬੈਠਣ ਵਾਲੀ ਜੀਵਨ ਸ਼ੈਲੀ ਇਸ ਦੇ ਮੁੱਖ ਕਾਰਨ ਹਨ । ਉਨ੍ਹਾਂ ਕਿਹਾ ਕਿ ਜੇਕਰ ਤੁਰਨ-ਫਿਰਨ ਦੌਰਾਨ ਗੋਡਿਆਂ ਵਿੱਚ ਦਰਦ, ਸੋਜ਼, ਅਕੜਾਅ, ਪੌੜੀਆਂ ਚੜ੍ਹਨ-ਉਤਰਣ ਵਿੱਚ ਦਿੱਕਤ ਜਾਂ ਬੈਠਣ ਤੋਂ ਬਾਅਦ ਉੱਠਣ ਵੇਲੇ ਦਰਦ ਮਹਿਸੂਸ ਹੋਵੇ ਤਾਂ ਇਸ ਨੂੰ ਹਲਕੇ ਵਿੱਚ ਨਾ ਲਿਆ ਜਾਵੇ ਅਤੇ ਤੁਰੰਤ ਹੱਡੀਆਂ ਅਤੇ ਜੋੜ੍ਹਾਂ ਦੇ ਮਾਹਿਰ ਡਾਕਟਰ ਸਾਹਿਬਾਨ ਨਾਲ ਸੰਪਰਕ ਕੀਤਾ ਜਾਵੇ। ਸ਼ੁਰੂਆਤ ਵਿੱਚ ਦਵਾਈਆਂ, ਫਿਜ਼ੀਓਥੈਰੇਪੀ, ਕਸਰਤਾਂ ਅਤੇ ਸਾਡੀ ਜੀਵਨ ਸ਼ੈਲੀ ਵਿੱਚ ਕੁਝ ਤਬਦੀਲੀਆਂ ਕਰਨ ਨਾਲ



**ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਡਾ. ਪਰਮਿੰਦਰ ਸਿੰਘ ਵਾਰੀਆ ਓ.ਪੀ.ਡੀ. ਵਿਚ ਇੱਕ ਮਰੀਜ਼ ਦੇ ਗੋਡੇ ਦੀ ਜਾਂਚ ਕਰਦੇ ਹੋਏ ।**

ਬਿਮਾਰੀ ਨੂੰ ਕਾਬੂ ਕੀਤਾ ਜਾ ਸਕਦਾ ਹੈ । ਡਾ. ਵਾਰੀਆ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ, ਢਾਹਾਂ ਕਲੇਰਾਂ ਦਾ ਹੱਡੀਆਂ ਦਾ ਵਿਭਾਗ ਅਤੇ ਜਾਇੰਟ ਰਿਪਲੇਸਮੈਂਟਰ ਕੇਂਦਰ ਆਧੁਨਿਕ ਮੈਡੀਕਲ ਤਕਨੀਕ ਅਤੇ ਉੱਚ ਪੱਧਰੀ ਉਪਕਰਨਾਂ ਜਿਵੇਂ ਕਿ ਡਿਜੀਟਲ ਐਕਸ-ਰੇ, ਸੀ.ਟੀ. ਸਕੈਨ ਅਤੇ ਸੀ-ਆਰਮ ਨਾਲ ਲੈਸ ਹੈ । ਇੱਥੇ ਤਜਰਬੇਕਾਰ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਹੱਡੀਆਂ ਅਤੇ ਜੋੜਾਂ ਨਾਲ ਸੰਬੰਧਿਤ ਹਰ ਤਰ੍ਹਾਂ ਦੀਆਂ ਬਿਮਾਰੀਆਂ, ਸੜਕੀ ਹਾਸਿਆਂ ਅਤੇ ਹੋਰ ਦੁਰਘਟਨਾਵਾਂ ਨਾਲ ਲੱਗੀਆਂ ਸੱਟਾਂ, ਖਿਡਾਰੀਆਂ ਦੀਆਂ ਸੱਟਾਂ ਅਤੇ ਗੋਡਾ, ਮੋਢਾ ਅਤੇ ਚੂਲੇ ਦੀ ਬਦਲੀ ਸਮੇਤ ਆਧੁਨਿਕ ਜੋੜ ਬਦਲੀ ਦੇ ਆਪ੍ਰੇਸ਼ਨ ਸਫ਼ਲਤਾਪੂਰਵਕ ਕੀਤੇ ਜਾ ਰਹੇ ਹਨ। ਹਸਪਤਾਲ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਕੈਨੇਡਾ, ਆਸਟ੍ਰੇਲੀਆ, ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਤੋਂ ਆਉਣ ਵਾਲੇ ਕਈ ਐਨ.ਆਰ.ਆਈ. ਮਰੀਜ਼ ਵੀ ਗੋਡਾ ਬਦਲੀ ਦੇ ਸਫ਼ਲ ਆਪ੍ਰੇਸ਼ਨ ਕਰਵਾ ਕੇ ਮੁੜ ਸਿਹਤਮੰਦ ਅਤੇ ਸਰਗਰਮ ਜੀਵਨ ਬਤੀਤ ਕਰ ਰਹੇ ਹਨ । ਅੰਤ ਵਿੱਚ ਡਾ. ਵਾਰੀਆ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਗੋਡਿਆਂ ਦੇ ਦਰਦ ਜਾਂ ਤੁਰਨ-ਫਿਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਹੋਵੇ ਤਾਂ ਸਮੇਂ ਸਿਰ ਮਾਹਿਰ ਡਾਕਟਰ ਦੀ ਸਲਾਹ ਅਤੇ ਸਹੀ ਇਲਾਜ ਨਾਲ ਬਿਮਾਰੀ ਨੂੰ ਸ਼ੁਰੂਆਤੀ ਪੜਾਅ ਵਿੱਚ ਹੀ ਕਾਬੂ ਕੀਤਾ ਜਾ ਸਕਦਾ ਹੈ ਅਤੇ ਗੋਡਿਆਂ ਨੂੰ ਹੋਰ ਖਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ ।

# ਖੁਸ਼ਦੀਪ ਖੁਸ਼ੀ ਸਿੰਘ ਗਿੱਲ ਕਬੱਡੀ ਦਾ ਪ੍ਰਿੰਸ, ਜੱਫਿਆਂ ਦਾ ਬਾਦਸ਼ਾਹ

**ਕੈਨੇਡਾ (ਹਰਜਿੰਦਰ ਪਾਲ ਛਾਬੜਾ)** ਜੇ ਸਰਕਲ ਕਬੱਡੀ ਦੇ ਸੁਨਹਿਰੀ ਦੌਰ ਦੀ ਗੱਲ ਹੋਵੇ ਅਤੇ ਖੁਸ਼ਦੀਪ "ਖੁਸ਼ੀ" ਸਿੰਘ ਗਿੱਲ ਦਾ ਨਾਮ ਨਾ ਆਵੇ, ਇਹ ਸੰਭਵ ਹੀ ਨਹੀਂ। ਪਿਛਲੇ ਦੋ ਦਹਾਕਿਆਂ ਦੌਰਾਨ ਜਿੰਨੇ ਵੀ ਮਹਾਨ ਜਾਫ਼ੀ ਪੰਜਾਬ ਦੀ ਧਰਤੀ ਨੇ ਪੈਦਾ ਕੀਤੇ ਹਨ, ਉਨ੍ਹਾਂ ਵਿੱਚ ਖੁਸ਼ੀ ਦਾ ਨਾਮ ਸਭ ਤੋਂ ਉੱਚੀਆਂ ਕਤਾਰਾਂ ਵਿੱਚ ਲਿਖਿਆ ਜਾਂਦਾ ਹੈ।ਸੰਗਰੂਰ ਜ਼ਿਲ੍ਹੇ ਦੇ ਦਿੜ੍ਹਬਾ ਇਲਾਕੇ ਦੀ ਮਿੱਟੀ ਵਿੱਚੋਂ ਉੱਠਿਆ ਇਹ ਨੌਜਵਾਨ ਅੱਗੇ ਚੱਲ ਕੇ ਦੁਨੀਆ ਭਰ ਦੇ ਕਬੱਡੀ ਮੈਦਾਨਾਂ ਦੀ ਪਛਾਣ ਬਣ ਗਿਆ। ਅੱਜ ਵੀ ਕਬੱਡੀ ਦੇ ਚਾਹੁਣ ਵਾਲੇ ਜਦੋਂ ਮਹਾਨ ਸਟਾਪਰਾਂ ਦੀ ਗੱਲ ਕਰਦੇ ਹਨ ਤਾਂ ਖੁਸ਼ੀ ਦਾ ਜ਼ਿਕਰ ਬਿਨਾਂ ਉਹ ਚਰਚਾ ਅਧੂਰੀ ਮੰਨੀ ਜਾਂਦੀ ਹੈ।ਪਿਤਾ ਨਿਰਮਲ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਜਨਮੇ ਖੁਸ਼ਦੀਪ ਗਿੱਲ ਨੇ ਬਚਪਨ ਵਿੱਚ ਫੁੱਟਬਾਲ ਅਤੇ ਐਥਲੈਟਿਕਸ ਵਿੱਚ ਵੀ ਆਪਣਾ ਹੁਨਰ ਦਿਖਾਇਆ, ਪਰ ਕਿਸਮਤ ਨੇ ਉਸ ਲਈ ਕੁਝ ਹੋਰ ਹੀ ਲਿਖਿਆ ਸੀ। ਕਬੱਡੀ ਦੇ ਮੈਦਾਨ ਨੇ ਉਸਨੂੰ ਬੁਲਾਇਆ ਅਤੇ ਉਸਨੇ ਅਜਿਹਾ ਜਵਾਬ ਦਿੱਤਾ ਕਿ ਪੂਰੀ ਦੁਨੀਆ ਉਸਨੂੰ ਜਾਣਨ ਲੱਗ ਪਈ।

2007-08 ਦੇ ਆਸ-ਪਾਸ ਪਿੰਡ ਪੱਧਰ ਤੋਂ ਸ਼ੁਰੂ ਹੋਇਆ ਸਫ਼ਰ ਜਲਦੀ ਹੀ ਪੰਜਾਬ ਦੇ ਵੱਡੇ ਕਬੱਡੀ ਮੇਲਿਆਂ ਤੱਕ ਪਹੁੰਚ ਗਿਆ। ਖੁਸ਼ੀ ਦੀ ਖੇਡ ਵਿੱਚ ਇੱਕ ਵੱਖਰੀ ਗੱਲ ਸੀ। ਉਹ ਸਿਰਫ਼ ਤਾਕਤ ਨਾਲ ਨਹੀਂ ਖੇਡਦਾ ਸੀ, ਉਹ ਰੇਡਰ ਦੇ ਦਿਮਾਗ ਨੂੰ ਪੜ੍ਹਦਾ ਸੀ। ਉਸਦੇ ਜਾਫ਼ਿਆਂ ਵਿੱਚ ਤਕਨੀਕ ਸੀ, ਟਾਈਮਿੰਗ ਸੀ ਅਤੇ ਇੱਕ ਅਜਿਹੀ ਪਕੜ ਸੀ ਜਿਸਨੂੰ ਛੁਡਾਉਣਾ ਦੁਨੀਆ ਦੇ ਵੱਡੇ-ਵੱਡੇ ਰੇਡਰਾਂ ਲਈ ਵੀ ਔਖਾ ਹੋ ਜਾਂਦਾ ਸੀ।ਕਈ ਸਟਾਪਰ ਆਏ, ਕਈ ਗਏ, ਪਰ ਖੁਸ਼ੀ ਦਾ ਜਾਫ਼ਾ ਆਪਣੀ ਇੱਕ ਵੱਖਰੀ ਪਛਾਣ ਬਣ ਗਿਆ। ਜਦੋਂ ਉਹ ਕਾਰਨਰ ਵਿੱਚ ਖੜ੍ਹਾ ਹੁੰਦਾ ਹੈ ਤਾਂ ਰੇਡਰ ਦੀ




ਚਾਲ ਹੌਲੀ ਹੋ ਜਾਂਦੀ ਹੈ, ਦਰਸ਼ਕ ਜਾਣਦੇ ਸਨ ਕਿ ਹੁਣ ਕੁਝ ਵੱਡਾ ਹੋਣ ਵਾਲਾ ਹੈ। ਇੱਕ ਸੈਕਿੰਡ ਦੀ ਟਾਈਮਿੰਗ ਅਤੇ ਰੇਡਰ ਜ਼ਮੀਨ 'ਤੇ।ਭਾਰਤ ਤੋਂ ਲੈ ਕੇ ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ ਅਤੇ ਦੁਬਈ ਤੱਕ ਖੁਸ਼ੀ ਨੇ ਆਪਣੀ ਖੇਡ ਦਾ ਲੋਹਾ ਮਨਵਾਇਆ। ਵਿਸ਼ਵ ਕਬੱਡੀ ਕੱਪ, ਵਰਲਡ ਕਬੱਡੀ ਲੀਗ ਅਤੇ ਅੰਤਰਰਾਸ਼ਟਰੀ ਟੂਰਨਾਮੈਂਟਾਂ ਵਿੱਚ ਉਸਦੇ ਪ੍ਰਦਰਸ਼ਨ ਨੇ ਉਸਨੂੰ ਵਿਸ਼ਵ ਪੱਧਰ ਦਾ ਸਿਤਾਰਾ ਬਣਾ ਦਿੱਤਾ।ਕੈਨੇਡਾ ਦੇ ਮਸ਼ਹੂਰ ਐਬਟਸਫੋਰਡ ਕਬੱਡੀ ਕਲੱਬ ਲਈ ਖੇਡਦਿਆਂ ਉਸਨੇ ਅਨੇਕਾਂ ਯਾਦਗਾਰ ਮੁਕਾਬਲੇ ਖੇਡੇ। ਵੈਨਕੂਵਰ ਕਬੱਡੀ ਕੱਪ, ਕੈਨੇਡਾ ਕਬੱਡੀ ਟੂਰਨਾਮੈਂਟਾਂ ਅਤੇ ਦੁਬਈ ਦੇ ਵੱਡੇ ਮੈਦਾਨਾਂ ਵਿੱਚ ਉਸਨੇ ਵਾਰ-ਵਾਰ ਸਾਬਤ ਕੀਤਾ ਕਿ ਕਿਉਂ ਉਸਨੂੰ ਦੁਨੀਆ ਦੇ ਸਰਵੋਤਮ ਸਟਾਪਰਾਂ ਵਿੱਚ ਗਿਣਿਆ ਜਾਂਦਾ ਹੈ।ਉਸਦੇ ਕਰੀਅਰ ਦੌਰਾਨ ਕਈ ਵਾਰ ਉਸਨੂੰ "ਬੈਸਟ ਸਟਾਪਰ" ਦੇ ਖਿਤਾਬ ਮਿਲੇ। ਪਰ ਅਸਲ ਖਿਤਾਬ ਉਸਨੂੰ ਦਰਸ਼ਕਾਂ ਨੇ ਦਿੱਤਾ—"ਕਬੱਡੀ ਦਾ ਪ੍ਰਿੰਸ"।ਇਹ ਕੋਈ ਆਮ ਉਪਨਾਮ ਨਹੀਂ ਸੀ। ਇਹ ਉਸ ਖਿਡਾਰੀ ਲਈ ਸੀ ਜਿਸਨੇ ਮੈਦਾਨ ਵਿੱਚ ਤਾਕਤ, ਹੁਨਰ, ਦਿਲੇਰੀ ਅਤੇ ਮਨੋਰੰਜਨ ਦਾ ਅਨੋਖਾ ਮੇਲ ਪੇਸ਼ ਕੀਤਾ। ਉਹ ਸਿਰਫ਼ ਜਿੱਤਦਾ ਨਹੀਂ ਉਹ ਲੋਕਾਂ ਨੂੰ ਆਪਣੇ ਨਾਲ ਜੋੜਦਾ ਹੈ ਅੱਜ ਵੀ ਜਦੋਂ ਕਬੱਡੀ ਵੀਡੀਓਜ਼ ਚਲਦੀਆਂ ਹਨ ਅਤੇ ਖੁਸ਼ੀ ਦਾ ਕੋਈ ਜਾਫ਼ਾ ਸਕ੍ਰੀਨ 'ਤੇ ਆਉਂਦਾ ਹੈ, ਦਰਸ਼ਕਾਂ ਦੀਆਂ ਅੱਖਾਂ ਚਮਕ ਉਠਦੀਆਂ ਹਨ। ਇਹੀ ਇੱਕ ਮਹਾਨ ਖਿਡਾਰੀ ਦੀ ਪਹਿਚਾਣ ਹੁੰਦੀ ਹੈ।ਕਬੱਡੀ ਦੇ ਇਤਿਹਾਸ ਵਿੱਚ ਕੁਝ ਖਿਡਾਰੀ ਰਿਕਾਰਡ ਬਣਾਉਂਦੇ ਹਨ ਅਤੇ ਕੁਝ ਯਾਦਾਂ। ਖੁਸ਼ਦੀਪ 'ਖੁਸ਼ੀ' ਸਿੰਘ ਗਿੱਲ ਉਹ ਖਿਡਾਰੀ ਹੈ ਜਿਸਨੇ ਦੋਵੇਂ ਬਣਾਏ। ਉਸਦੇ ਜਾਫ਼ੇ ਅੱਜ ਵੀ ਕਬੱਡੀ ਪ੍ਰੇਮੀਆਂ ਦੀਆਂ ਗੱਲਾਂ ਦਾ ਹਿੱਸਾ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਬਣੇ ਰਹਿਣਗੇ।

# ਚੰਨੀ ਖ਼ਿਲਾਫ਼ ਬਿਆਨਬਾਜ਼ੀ ਕਰਨ ਵਾਲੇ ਬੈਂਸ ਨੂੰ ਕਾਂਗਰਸੀ ਆਗੂਆਂ ਦੀ ਤਾੜਨਾ; ਕਿਹਾ- 'ਅਨੁਸ਼ਾਸਨ 'ਚ ਰਹਿਣ, ਨਹੀਂ ਤਾਂ ਪਾਰਟੀ 'ਚੋਂ ਕੱਢਣ ਲਈ ਪਾਇਆ ਜਾਵੇਗਾ ਮਤਾ'

**ਬਲਾਚੌਰ, 7 ਜੁਲਾਈ(ਜਤਿੰਦਰ ਪਾਲ ਸਿੰਘ ਕਲੇਰ) :** ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਐਸ.ਸੀ. ਸਮਾਜ ਵਿਰੁੱਧ ਕੀਤੀ ਗਈ ਕਥਿਤ ਟਿੱਪਣੀ ਨੂੰ ਲੈ ਕੇ ਬਲਾਚੌਰ ਹਲਕੇ ਦੇ ਕਾਂਗਰਸੀ ਆਗੂਆਂ ਅਤੇ ਐਸ.ਸੀ. ਸੈੱਲ ਦੇ ਅਹੁਦੇਦਾਰਾਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਬਲਾਚੌਰ ਵਿੱਚ ਇਕੱਠ ਕਰਦਿਆਂ ਸਰਪੰਚ ਕੁਲਵਿੰਦਰ ਮੰਡ ਅਤੇ ਸੀਨੀਅਰ ਕਾਂਗਰਸੀ ਆਗੂ ਤੇ ਬਲਾਕ ਸੰਮਤੀ ਚੇਅਰਮੈਨ ਧਰਮਪਾਲ ਭਰਥਲਾ ਨੇ ਸਿਮਰਨਜੀਤ ਸਿੰਘ ਬੈਂਸ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਬੈਂਸ ਨੇ ਪਾਰਟੀ ਅਨੁਸ਼ਾਸਨ ਤੋਂ ਬਾਹਰ ਹੋ ਕੇ ਬਿਆਨਬਾਜ਼ੀ ਕੀਤੀ ਹੈ, ਜਦਕਿ ਉਨ੍ਹਾਂ ਨੂੰ ਖ਼ੁਦ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ। ਆਗੂਆਂ ਨੇ ਬੈਂਸ ਦੇ ਪੁਰਾਣੇ ਵਿਵਾਦਾਂ ਅਤੇ ਕਥਿਤ ਘਪਲਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਨ੍ਹਾਂ 'ਤੇ ਖ਼ੁਦ ਗੰਭੀਰ ਇਲਜ਼ਾਮ ਹੋਣ, ਉਨ੍ਹਾਂ ਨੂੰ ਅਜਿਹੀ ਰਾਜਨੀਤੀ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਜਾਤਾਂ ਦੇ ਨਾਂ 'ਤੇ ਵੰਡਣ ਦੀ ਕੋਸ਼ਿਸ਼ ਨਾ ਕੀਤੀ ਜਾਵੇ ਅਤੇ ਅੰਗਰੇਜ਼ਾਂ ਵਾਲੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾਉਣ ਵਾਲਿਆਂ ਨੂੰ ਆਉਣ ਵਾਲੇ ਸਮੇਂ ਵਿੱਚ ਔਖੇ ਨਤੀਜੇ ਭੁਗਤਣੇ ਪੈਣਗੇ।

ਚੇਅਰਮੈਨ ਧਰਮਪਾਲ ਭਰਥਲਾ ਅਤੇ ਹੋਰਨਾਂ ਆਗੂਆਂ ਨੇ ਬੈਂਸ ਵਲੋਂ ਚੰਨੀ 'ਤੇ ਚੁੱਕੇ ਗਏ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਅੱਜ ਪੰਜਾਬ ਦੇ ਬੱਚੇ-ਬੱਚੇ ਅਤੇ ਨੌਜਵਾਨ ਦੇ ਮੂੰਹ 'ਤੇ ਚਰਨਜੀਤ ਸਿੰਘ ਚੰਨੀ ਦਾ ਨਾਂ ਹੈ। ਜੇਕਰ ਬੈਂਸ ਵਰਗੇ ਆਗੂਆਂ ਨੂੰ ਇਹ ਬਦਲਾਅ



ਨਜ਼ਰ ਨਹੀਂ ਆ ਰਿਹਾ, ਤਾਂ ਉਨ੍ਹਾਂ ਨੂੰ ਆਪਣੀਆਂ ਅੱਖਾਂ ਤੋਂ ਪੱਟੀ ਲਾ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਆਗੂ ਨੂੰ ਪਾਰਟੀ ਦੀ ਮਜ਼ਬੂਤੀ ਅਤੇ ਵਿਚਾਰਧਾਰਾ ਲਈ ਕੰਮ ਕਰਨਾ ਚਾਹੀਦਾ ਹੈ, ਨਾ ਕਿ ਨਿੱਜੀ ਵਿਰੋਧ ਕਾਰਨ ਜਨਤਕ ਤੌਰ 'ਤੇ ਪਾਰਟੀ ਦੇ ਹੀ ਸੀਨੀਅਰ ਨੇਤਾਵਾਂ ਨੂੰ ਨੀਵਾਂ ਦਿਖਾਉਣਾ ਚਾਹੀਦੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵੀ ਚੰਨੀ ਸਾਹਿਬ ਜਾਂ ਕਿਸੇ ਹੋਰ ਆਗੂ ਖ਼ਿਲਾਫ਼ ਬੋਲੇਗਾ, ਤਾਂ ਉਸ ਦੇ ਨਤੀਜੇ ਬਹੁਤ ਮਾੜੇ ਹੋਣਗੇ। ਇਸ ਮੌਕੇ ਕਾਂਗਰਸੀ ਆਗੂਆਂ ਨੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਤੁਰੰਤ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸੱਦਣ। ਇਸ ਮੀਟਿੰਗ ਵਿੱਚ ਇੱਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਕਰਨ ਵਾਲੇ ਆਗੂਆਂ ਵਿਰੁੱਧ ਮਤਾ ਪਾਸ ਕਰਕੇ ਹਾਈਕਮਾਂਡ ਨੂੰ ਭੇਜਿਆ ਜਾਵੇ ਅਤੇ ਅਨੁਸ਼ਾਸਨ ਭੰਗ ਕਰਨ ਵਾਲਿਆਂ 'ਤੇ ਸਖ਼ਤ ਕਾਨੂੰਨੀ ਤੇ ਜਥੇਬੰਦਕ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਯਾਦ ਦਿਵਾਇਆ ਕਿ ਇਸ ਤੋਂ ਪਹਿਲਾਂ ਵੀ ਜਦੋਂ ਸੁਨੀਲ ਜਾਖੜ ਨੇ ਚੰਨੀ ਖ਼ਿਲਾਫ਼ ਗਲਤ ਟਿੱਪਣੀ ਕੀਤੀ ਸੀ, ਤਾਂ ਸਾਰਿਆਂ ਨੇ ਇਕੱਠੇ ਹੋ ਕੇ ਪ੍ਰੈੱਸ ਕਾਨਫਰੰਸ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਾਰਟੀ ਤੋਂ ਲਾਂਭੇ ਹੋਣਾ ਪਿਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਵੀ ਜਿਹੜਾ ਆਗੂ ਪਾਰਟੀ ਦੇ ਕਿਸੇ ਵੀ ਨੇਤਾ ਖ਼ਿਲਾਫ਼ ਗਲਤ ਬੋਲੇਗਾ, ਉਸ ਨੂੰ ਕਾਂਗਰਸ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ ਅਤੇ ਉਸ ਨੂੰ ਤੁਰੰਤ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਜਾਣਾ ਚਾਹੀਦਾ ਹੈ।ਇਸ ਮੌਕੇ ਕਾਂਗਰਸ ਪਾਰਟੀ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪਿੰਡ ਭੋਲੇਵਾਲ ਵਿਖੇ ਐਡਵੋਕੇਟ ਸੰਜੀਵ ਐਡਵੋਕੇਟ ਚੇਚੀ ਦੀਆਂ ਨੁੱਕੜ ਮੀਟਿੰਗਾਂ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ; ਹਰ ਪਾਸੇ ਨੌਜਵਾਨ ਆਗੂ ਦੀ ਚਰਚਾ

**ਨਵਾਂਸ਼ਹਿਰ /ਕਾਠਗੜ੍ਹ, 7 ਜੁਲਾਈ (ਜਤਿੰਦਰਪਾਲ ਸਿੰਘ ਕਲੇਰ)** : ਇਲਾਕੇ ਦੇ ਨਜ਼ਦੀਕੀ ਪਿੰਡ ਭੋਲੇਵਾਲ ਵਿਖੇ ਨੌਜਵਾਨ ਆਗੂ ਐਡਵੋਕੇਟ ਸੰਜੀਵ ਚੋਧਰੀ ਚੇਚੀ ਵੱਲੋਂ ਸ਼ੁਰੂ ਕੀਤਾ ਗਿਆ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਇਸ ਵੇਲੇ ਪੂਰੇ ਜੋਬਨ 'ਤੇ ਪਹੁੰਚ ਚੁੱਕਾ ਹੈ। ਐਡਵੋਕੇਟ ਚੋਧਰੀ ਚੇਚੀ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਅਤੇ ਇਲਾਕੇ ਦੀਆਂ ਮੁਸ਼ਕਿਲਾਂ ਨੂੰ ਉਭਾਰਨ ਲਈ ਕੀਤੀਆਂ ਜਾ ਰਹੀਆਂ ਇਹ ਮੀਟਿੰਗਾਂ ਲੋਕਾਂ ਦੇ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਹਨ। ਹਰ ਰੋਜ਼ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀ ਅਤੇ ਖਾਸ ਕਰਕੇ ਨੌਜਵਾਨ ਇਨ੍ਹਾਂ ਮੀਟਿੰਗਾਂ ਵਿੱਚ ਸ਼ਾਮਲ ਹੋ ਕੇ ਆਪਣਾ ਸਮਰਥਨ ਦੇ ਰਹੇ ਹਨ।

ਇਸ ਮੁਹਿੰਮ ਦੌਰਾਨ ਐਡਵੋਕੇਟ ਸੰਜੀਵ ਚੋਧਰੀ ਚੇਚੀ ਦੀ ਲੋਕ-ਪੱਖੀ ਸੋਚ ਅਤੇ ਨੌਜਵਾਨਾਂ ਪ੍ਰਤੀ ਹਾਂ-ਪੱਖੀ ਪਹੁੰਚ ਕਾਰਨ ਇਲਾਕੇ ਵਿੱਚ ਹਰ ਪਾਸੇ ਉਨ੍ਹਾਂ ਦੀਆਂ ਹੀ ਗੱਲਾਂ ਹੋ ਰਹੀਆਂ ਹਨ। ਲੋਕਾਂ ਦਾ ਕਹਿਣਾ



ਹੈ ਕਿ ਅਜਿਹੇ ਪੜ੍ਹੇ-ਲਿਖੇ ਅਤੇ ਸੂਝਵਾਨ ਨੌਜਵਾਨ ਆਗੂ ਦੀ ਅਗਵਾਈ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ, ਜੋ ਜਨਤਾ ਦੇ ਮਸਲਿਆਂ ਨੂੰ ਕਾਨੂੰਨੀ ਅਤੇ ਸਮਾਜਿਕ ਤੌਰ 'ਤੇ ਸਹੀ ਮੰਚ 'ਤੇ ਚੁੱਕ ਸਕੇ। ਮੀਟਿੰਗਾਂ ਦੌਰਾਨ ਮਿਲ ਰਹੇ ਇਸ ਭਰਵੇਂ ਹੁੰਗਾਰੇ ਨੇ ਵਿਰੋਧੀ ਧਿਰਾਂ ਵਿੱਚ ਵੀ ਹਲਚਲ ਪੈਦਾ ਕਰ ਦਿੱਤੀ ਹੈ, ਜਦਕਿ ਐਡਵੋਕੇਟ ਚੇਚੀ ਦੇ ਸਮਰਥਕਾਂ ਵਿੱਚ ਇਸ ਕਾਮਯਾਬੀ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਮੈਲਬੌਰਨ ਦੀ ਇੱਕ SOLD OUT ਸ਼ਾਮ... ਤੇ ਹਰ ਦਿਲ ਇੱਕੋ ਸੁਰ ਵਿੱਚ ਧੜਕਦਾ ਨਜ਼ਰ ਆਇਆ











**ਆਸਟ੍ਰੇਲੀਆਈ ਮੈਲਬੋਰਨ (ਹਰਜਿੰਦਰ ਪਾਲ ਛਾਬੜਾ)** ਗੁਰਨਾਮ ਭੁੱਲਰ ਨੇ ਸਿਰਫ਼ ਗੀਤ ਨਹੀਂ ਗਾਏ, ਸਗੋਂ ਹਰ ਗੀਤ ਸਿੱਧਾ ਦਿਲ ਤੇ ਰੂਹ ਵਿੱਚ ਉਤਰਦਾ ਗਿਆ। ਉਸਦੀ ਆਵਾਜ਼, ਉਸਦਾ ਅੰਦਾਜ਼ ਅਤੇ ਦਰਸ਼ਕਾਂ ਨਾਲ ਉਸਦਾ ਨਾਤਾ. ਹਰ ਪਲ ਨੂੰ ਯਾਦਗਾਰ ਬਣਾ ਗਿਆ। ਸਟੇਜ ’ਤੇ ਆਉਂਦੇ ਹੀ ਹਾਲ ਤਾਲੀਆਂ, ਸ਼ੋਰ ਅਤੇ ਖੁਸ਼ੀ ਨਾਲ ਗੂੰਜ ਉੱਠਿਆ। ਛੋਟੀਆਂ ਬੱਚੀਆਂ ਤੋਂ ਲੈ ਕੇ ਹਰ ਉਮਰ ਦੀਆਂ ਕੁੜੀਆਂ ਅਤੇ ਪਰਿਵਾਰਾਂ ਤੱਕ, ਹਰ ਕੋਈ ਉਸਦੇ ਹਰ ਗੀਤ ਨਾਲ ਗਾ ਰਿਹਾ ਸੀ, ਨੱਚ ਰਿਹਾ ਸੀ ਅਤੇ ਹਰ ਪਲ ਨੂੰ ਜੀ ਰਿਹਾ ਸੀ।

ਮੈਂ ਹਮੇਸ਼ਾ ਸਿਰਫ਼ ਸਟੇਜ ਨਹੀਂ ਵੇਖਦਾ, ਮੈਂ ਚਿਹਰੇ ਵੀ ਪੜ੍ਹਦਾ ਹਾਂ। ਉਸ ਰਾਤ ਮੈਂ ਹਜ਼ਾਰਾਂ ਚਿਹਰਿਆਂ ’ਤੇ ਇੱਕੋ ਜਿਹਾ ਅਹਿਸਾਸ ਵੇਖਿਆ—ਖ਼ੁਸ਼ੀ, ਆਪਣਾਪਣ ਅਤੇ ਸੰਗੀਤ ਨਾਲ ਜੁੜਿਆ ਇੱਕ ਰੂਹਾਨੀ ਰਿਸ਼ਤਾ।

ਇਹ ਸਿਰਫ਼ ਇੱਕ ਕਨਸਰਟ ਨਹੀਂ ਸੀ, ਸਗੋਂ ਇੱਕ ਅਜਿਹੀ ਸ਼ਾਮ ਸੀ ਜਿਸਨੇ ਸਾਰਿਆਂ ਨੂੰ ਇੱਕੋ ਅਹਿਸਾਸ ਵਿੱਚ ਜੋੜ ਦਿੱਤਾ।

ਗੁਰਨਾਮ ਭੁੱਲਰ ਅਤੇ ਪੂਰੀ ਟੀਮ ਨੂੰ ਇਸ ਸ਼ਾਨਦਾਰ SOLD OUT ਸ਼ੋਅ ਲਈ ਦਿਲੋਂ ਮੁਬਾਰਕਾਂ।

**ਨਿਰਪਿੰਦਰ**

# ਮਨਦੀਪ ਕੌਸਲ ਨੇ ਨਵੇਂ ਜਿਲ੍ਹਾ ਖੇਡ ਅਫਸਰ ਲੁਧਿਆਣਾ ਵਜੋਂ ਅਹੁਦਾ ਸੰਭਾਲਿਆ

## ਕੋਚਾਂ ਨੇ ਜਿਲਾ ਖੇਡ ਅਫਸਰਾਂ ਨੂੰ ਦਿੱਤੀ ਸਵਾਗਤੀ ਅਤੇ ਵਿਦਾਇਗੀ ਪਾਰਟੀ

**ਲੁਧਿਆਣਾ 7 ਜੁਲਾਈ (ਹਰਜਿੰਦਰ ਪਾਲ ਛਾਬੜਾ)** ਪੰਜਾਬ ਖੇਡ ਵਿਭਾਗ ਨੇ ਮਨਦੀਪ ਕੌਸ਼ਲ ਨੂੰ ਨਵੇਂ ਜਿਲ੍ਹਾ ਖੇਡ ਅਫਸਰ ਵਜੋਂ ਲੁਧਿਆਣਾ ਖੇਡ ਵਿਭਾਗ ਦੀ ਜਿੰਮੇਵਾਰੀ ਸੰਭਾਲੀ ਹੈ । ਮਨਦੀਪ ਕੌਸ਼ਲ ਨੇ ਅੱਜ ਜਿਲ੍ਹਾ ਖੇਡ ਅਫਸਰ ਵਜੋਂ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਜੁਆਇੰਨ ਕੀਤਾ।ਇਸ ਮੌਕੇ ਪੰਜਾਬ ਖੇਡ ਵਿਭਾਗ ਦੇ ਵੱਖ-ਵੱਖ ਖੇਡਾਂ ਨਾਲ ਸਬੰਧਿਤ ਕੋਚਾਂ ਨੇ ਜਿੱਥੇ ਪੁਰਾਣੇ ਜਿਲ੍ਹਾ ਖੇਡ ਅਫਸਰ ਕੁਲਦੀਪ ਚੁੱਗ ਨੂੰ ਉਹਨਾਂ ਦੀ ਜਿਲਾ ਮਲੇਰਕੋਟਲਾ ਵਿਖੇ ਬਦਲੀ ਹੋਣ ਤੇ ਵਿਦਾਇਗੀ ਪਾਰਟੀ ਦਿੱਤੀ ਉਥੇ ਨਵੇਂ ਖੇਡ ਅਫਸਰ ਮਨਦੀਪ ਕੌਸ਼ਲ ਦੀ ਆਮਦ ਤੇ ਉਹਨਾਂ ਦਾ ਨਿੱਘਾ ਸਵਾਗਤ ਵੀ ਕੀਤਾ। ਇਸ ਮੌਕੇ ਜਰਖੜ ਹਾਕੀ



ਅਕੈਡਮੀ ਦੇ ਡਾਇਰੈਕਟਰ ਅਤੇ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਜਗਰੂਪ ਸਿੰਘ ਜਰਖੜ ਅਤੇ ਹੋਰ ਪ੍ਰਬੰਧਕਾਂ ਨੇ ਨਵੇਂ ਖੇਡ ਜਿਲ੍ਹਾ ਅਫਸਰ ਮਨਦੀਪ ਕੌਸ਼ਲ ਨੂੰ ਬੁੱਕੇ ਦੇਕੇ ਉਹਨਾਂ ਦੀ ਆਮਦ ਨੂੰ ਜੀ ਆਇਆ ਆਖਿਆ, ਅਤੇ ਪੁਰਾਣੇ ਖੇਡ ਅਫਸਰ ਕੁਲਦੀਪ ਚੁੱਗ ਦੀਆਂ ਜਿਲਾ ਲੁਧਿਆਣਾ ਨੂੰ ਦਿੱਤੀਆਂ ਖੇਡ ਸੇਵਾਵਾਂ ਦੀ ਸਲਾਘਾ ਕੀਤੀ । ਇਸ ਮੌਕੇ ਲੁਧਿਆਣਾ ਜਿਲੇ ਦੇ ਵੱਖ ਵੱਖ ਖੇਡਾਂ ਨਾਲ ਸਬੰਧਤ ਕੋਚਾਂ ਨੇ ਦੋਹਾਂ ਅਫਸਰ ਸਾਹਿਬ-ਾਨਾ ਦੇ ਮਾਣ ਸਨਮਾਨ ਵਿੱਚ ਦੁਪਹਿਰ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ। ਇਸ ਮੌਕੇ ਅਜੀਤਪਾਲ ਸਿੰਘ ਸੁਪਰਵਾਈਜ਼ਰ ਨਰਸਰੀ ,ਸੀਨੀਅਰ ਕੋਚ ਸੰਜੀਵ ਕੁਮਾਰ ਸੋਨੂ , ਗੁਰ ਸਤਿੰਦਰ ਸਿੰਘ ਪ੍ਰਗਟ ਜਰਖੜ ਹਾਕੀ ਅਕੈਡਮੀ, ਕੋਚ ਗੁਰਜੀਤ ਸਿੰਘ,ਹਰਮੀਤ ਸਿੰਘ ਜਰਖੜ, ਇਕਵਿੰਦਰ ਕੌਰ ਕੋਚ ਮੁੰਡੀਆਂ ਹਾਕੀ ਸੈਂਟਰ,ਅਤੇ ਜਿਲੇ ਦੇ ਹੋਰ ਸਮੂਹ ਪ੍ਰਬੰਧਕ ਅਤੇ ਖੇਡ ਵਿਭਾਗ ਸਟਾਫ ਦੇ ਮੈਂਬਰ ਹਾਜ਼ਰ ਸਨ।

# 'ਹਲਕਾ ਵਿਧਾਇਕਾ ਸ਼੍ਰੀਮਤੀ ਸ਼ੰਤੋਸ ਕਟਾਰੀਆ ਵੱਲੋਂ ਪਿੰਡ ਝੰਡੂਪੁਰ ਵਿਖੇ 'ਲੋਕ ਮਿਲਣੀ', ਸੁਣੀਆਂ ਲੋਕਾਂ ਦੀਆਂ ਮੁਸ਼ਕਿਲਾਂ

**ਬਲਾਚੌਰ 7 ਜੁਲਾਈ (ਜਤਿੰਦਰ ਪਾਲ ਸਿੰਘ ਕਲੇਰ )** ਵਿਧਾਨ ਸਭਾ ਹਲਕਾ ਬਲਾਚੋਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕਾ ਸ਼੍ਰੀਮਤੀ ਸ਼ੰਤੋਸ ਕਟਾਰੀਆ ਤੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਤੂਫ਼ਾਨੀ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਦੇ ਵੱਲੋਂ ਬਲਾਕ ਸੜੋਆ ਦੇ ਪਿੰਡ ਝੰਡੂਪੁਰ ਵਿਖੇ ਵਿਸ਼ੇਸ਼ 'ਲੋਕ ਮਿਲਣੀ' ਪ੍ਰੋਗਰਾਮਾਂ ਤਹਿਤ ਪਿੰਡ ਵਾਸੀਆਂ ਨਾਲ ਮੁਲਾਕਾਤ ਕੀਤੀ ਮਿਲਣੀ ਦੌਰਾਨ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀਆਂ ਸਮੱਸਿਆਵਾਂ ਆਗੂਆਂ ਦੇ ਸਾਹਮਣੇ ਰੱਖੀਆਂ।ਲੋਕ ਮਿਲਣੀ ਦੌਰਾਨ ਹਲਕਾ ਵਿਧਾਇਕਾ ਸ਼੍ਰੀਮਤੀ ਸ਼ੰਤੋਸ ਕਟਾਰੀਆ ਤੇ ਅਸ਼ੋਕ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਪੰਜਾਬ ਦੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਅਤੇ ਇਤਿਹ-ਾਸਕ ਫੈਸਲਿਆਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਪੰਜਾਬ ਦੇ ਹਰ ਵਰਗ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਆਮ ਲੋਕਾਂ ਤੱਕ ਬਿਨਾਂ ਕਿਸੇ ਪੱਖਪਾਤ ਦੇ ਸਾਰੀਆਂ ਸਹੂਲਤਾਂ ਪਹੁੰਚਾਈਆਂ ਜਾ ਰਹੀਆਂ ਹਨ।ਇਸ ਮੌਕੇ ਪਿੰਡ ਵਾਸੀਆਂ ਨੇ ਆਪਣੀਆਂ ਮੁਸ਼ਕਿਲਾਂ, ਰੋਜ਼ਾਨਾ ਦੀਆਂ ਲੋੜਾਂ ਅਤੇ ਪਿੰਡਾਂ ਦੇ ਵਿਕਾਸ ਨਾਲ ਸਬੰਧਤ ਅਹਿਮ ਸੁਝਾਅ ਅਸ਼ੋਕ ਕਟਾਰੀਆ ਦੇ ਸਾਹਮਣੇ ਪੇਸ਼ ਕੀਤੇ। ਸ੍ਰੀ ਕਟਾਰੀਆ ਨੇ ਸਾਰੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਇਨ੍ਹਾਂ ਮੁਸ਼ਕਿਲਾਂ ਨੂੰ ਪਹਿਲ ਦੇ ਅਧਾਰ 'ਤੇ ਅਤੇ ਜਲਦੀ ਤੋਂ ਜਲਦੀ ਹੱਲ ਕਰਨ







ਦਾ ਪੱਕਾ ਵਿਸ਼ਵਾਸ ਦਿਵਾਇਆ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ 'ਆਪ' ਆਗੂ ਅਸ਼ੋਕ ਕਟਾਰੀਆ ਨੇ ਕਿਹਾ, ''ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਤੁਰੰਤ ਹੱਲ ਕਰਨਾ ਅਤੇ ਇਲਾਕੇ ਦਾ ਸਰਵਪੱਖੀ ਵਿਕਾਸ ਕਰਨਾ ਹੀ ਸਾਡੀ ਮੁੱਖ ਤਰਜੀਹ ਹੈ। ਅਸੀਂ ਲੋਕਾਂ ਦੇ ਸਹਿਯੋਗ ਨਾਲ ਹਰ ਪਿੰਡ ਨੂੰ ਤਰੱਕੀ ਦੀ ਰਾਹ 'ਤੇ ਲੈ ਕੇ ਜਾਵਾਂਗੇ।'' ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾ ਨੂੰ ਮੁਫ਼ਤ ਬਿਜਲੀ,ਮਾਵਾਂ ਧੀਆਂ ਸਤਿਕਾਰ ਯੋਜਨਾ, ਮਹੁੱਲਾ ਕਲੀਨਿਕ, ਸਿੱਖਿਆ ਵਿੱਚ ਸੁਧਾਰ,ਆਟਾ ਦਾਲ ਸਕੀਮ ਆਦਿ ਚੋਣਾਂ ਦੇ ਦੋਰਾਨ ਸੂਬੇ ਦੇ ਲੋਕਾਂ ਨਾਲ ਕੀਤੇ ਵਾਧਿਆਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਹੈ ਇਸ ਮੋਕੇ ਪਿੰਡ ਝੰਡੂਪੁਰ ਦੀ ਗ੍ਰਾਮ ਪੰਚਾਇਤ ਦੇ ਵੱਲੋਂ ਹਲਕਾ ਵਿਧਾਇਕ ਅਤੇ ਮੋਹਤਬਰ ਵਿਅਕਤੀਆਂ ਦਾ ਸਿਰੋਪਾ ਭੇਂਟ ਕਰਕੇ ਸਨਮਾਨ ਵੀ ਕੀਤਾ ਗਿਆ ਇਸ ਮੋਕੇ ਪ੍ਰਧਾਨ ਨਾਰੇਸ਼ ਕੁਮਾਰ ਨੀਟਾ,ਓਮ ਪ੍ਰਕਾਸ਼ ਓਮੀ ਸਿੰਘਪੁਰ,ਪਰਮਜੀਤ ਸਿੰਘ ਸਿੰਘਪੁਰ,ਪਵਨ ਕੁਮਾਰ ਰੀਠੂ,ਚੂਹੜ੍ਹ ਸਿੰਘ ਬੂਥਗੜ੍ਹ,ਸਰਪੰਚ ਰਾਮ ਸਰੂਪ ਭੂੰਬਲਾ ਮਾਲੇਵਾਲ,ਬਲਾਕ ਪ੍ਰਧਾਨ ਹੁਸਨ ਲਾਲ ਬੂਥਗੜ੍ਹ, ਵਿੱਕੀ ਮਾਲੇਵਾਲ,ਸਰਪੰਚ ਦਰਸ਼ਨਾ ਦੇਵੀ, ਪ੍ਰਧਾਨ ਹੁਸਨ ਲਾਲ,ਪੰਚਾਇਤ ਸਕੱਤਰ ਰਾਕੇਸ਼ ਕੁਮਾਰ,ਚਮਨ ਲਾਲ,ਥਾਣੇਦਾਰ ਰੋਸ਼ਨ ਲਾਲ,ਰਾਜ ਕੁਮਾਰ ਰਾਜੂ ਬੰਗਾ,ਹਰਮੇਸ਼ ਲਾਲ ਸਾਬਕਾ ਸਰਪੰਚ,ਦਵਿੰਦਰ ਕੁਮਾਰ ਫੂਡ ਇੰਸਪੈਕਟਰ,ਕਸ਼ਮੀਰੀ ਲਾਲ,ਤੇਲੂ ਰਾਮ,ਦੀਪਕ ਕੁਮਾਰ ਪੰਚ,ਕੇਸ਼ੋ ਬੂਥਗੜ੍ਹ,ਓਮਕਾਰ ਪੰਚ, ਜਸਵਿੰਦਰ ਕੋਰ ਪੰਚ,ਥਾਣੇਦਾਰ ਤੇਲੂ ਰਾਮ,ਪਲਵਿੰਦਰ ਸਿੰਘ ਸਿੰਘਪੁਰ,ਵਾਸ-ਦੇਵ ਸਿੰਘਪੁਰ,ਅਸ਼ੋਕ ਕੁਮਾਰ, ਅਮਰੀਕ ਮਿਸਤਰੀ,ਵਿੱਕੀ ਫੋਜੀ,ਰਾਜ ਕੁਮਾਰ,ਮਹਿੰਦਰਪਾਲ ਪਾਲ ਪੰਜਾਬ ਪੁਲਿਸ,ਸੱਤਪਾਲ ਲੰਬੜ,ਸ਼ੰਮੀ,ਬਿੰਦਰ ਕੁਮਾਰ,ਸੁਰਿੰਦਰਪਾਲ,ਗੀਤਾ ਰਾਣੀ,ਭੋਲੀ,ਕਿਰਨਾ,ਸੱਤਿਆ ਆਦਿ ਸਮੂਹ ਪਿੰਡਵਾਸੀ ਮੋਹਤਵਾਰ ਪਤਵੰਤੇ ਮੋਕੇ ਤੇ ਹਾਜ਼ਿਰ ਸਨ ।

# ਡਾ. ਰੱਤੂ ਦੀ ਨਵੀਂ ਪੁਸਤਕ "ਮੀਡੀਆ ਖ਼ਬਰ: ਮੀਡੀਆ ਦਾ ਨਵਾਂ ਡਿਜ਼ੀਟਲ ਬਜ਼ਾਰ ਦ੍ਰਿਸ਼'' ਦੀ ਸਮਾਜਿਕ ਸਮੀਖਿਆ




ਪ੍ਰੋ. (ਡਾ. ) ਕ੍ਰਿਸ਼ਨ ਕੁਮਾਰ ਰੱਤੂ ਪੰਜਾਬੀ ਅਤੇ ਹਿੰਦੀ ਦੇ ਉੱਘੇ ਲੇਖਕ, ਬ੍ਰਾਡਕਾਸਟਰ ਅਤੇ ਮੀਡੀਆ ਵਿਸ਼ਲੇਸ਼ਕ ਹਨ। ਉਹ ਦੂਰਦਰਸ਼ਨ ਦੇ ਡਿਪਟੀ ਡਾਇਰੈਕਟਰ ਜਨਰਲ ਤੋਂ ਇਲ-ਾਵਾ ਜਨਸੰਚਾਰ ਵਿਭਾਗ, ਡੀ ਏ ਵੀ ਯੂਨੀਵਰਸਿਟੀ ਜਲੰਧਰ ਅਤੇ ਸਕੂਲ ਆਫ ਮੀਡੀਆ ਸਟੱਡੀਜ਼, ਜੈਪੁਰ ਨੈਸ਼ਨਲ ਯੂਨੀਵਰਸਿਟੀ ਦੇ ਡਾਇਰੈਕਟਰ ਰਹਿ ਚੁੱਕੇ ਹਨ ਇਸ ਤੋਂ ਇਲਾਵਾ ਰਾਇਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ ਮਾਸ ਕਮਿਊਨੀਕੇਸ਼ਨ ਦੇ ਡੀਨ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾ ਚੁੱਕੇ ਹਨ। ਉਹ ਪੰਜਾਬ ਦੇ ਪੱਤਰਕਾਰਤਾ ਹੀ ਨਹੀਂ ਸਗੋਂ ਸਾਹਿਤਕ ਖੇਤਰ ਵਿੱਚ ਇੱਕ ਬਹੁਤ ਹੀ ਸਤਿਕਾਰਤ ਅਤੇ ਜਾਣੀ ਪਛਾਣੀ ਸ਼ਖ਼ਸੀਅਤ ਦੇ ਤੌਰ 'ਤੇ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਹੁਣ ਤੱਕ ਵੱਖ ਵੱਖ ਭਾਸ਼ਾਵਾਂ ਵਿੱਚ 90 ਤੋਂ ਵੱਧ ਮੌਲਿਕ ਕਿਤਾਬਾਂ ਅਤੇ 20 ਤੋਂ ਵੀ ਜ਼ਿਆਦਾ ਅਨੁਵਾਦਿਤ ਕਿਤਾਬਾਂ ਆ ਚੁੱਕੀਆਂ ਹਨ।ਉਹ ਪਿਛਲੇ 50 ਸਾਲਾਂ ਤੋਂ ਲੇਖਣੀ ਦੇ ਖੇਤਰ ਵਿੱਚ ਸਰਗਰਮ ਹਨ ਇਸੇ ਕਰਕੇ ਉਹ ਵੱਖ ਵੱਖ ਵਿਸ਼ਿਆਂ ਉੱਤੇ ਅਨੇਕਾਂ ਲੇਖ ਅਤੇ ਕਾਲਮ ਲਿਖ ਚੁੱਕੇ ਹਨ। ਇਸੇ ਕਾਰਗੁਜਾਰੀ ਅਤੇ ਲਗਨ ਕਰਕੇ ਉਨ੍ਹਾਂ ਨੂੰ ਅਨੇਕਾਂ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਉਨ੍ਹਾਂ ਦੀ ਇਹ ਨਵੀਂ ਕਿਤਾਬ " ਮੀਡੀਆ ਖ਼ਬਰ: ਮੀਡੀਆ ਦਾ ਨਵਾਂ ਡਿਜੀਟਲ ਬਜ਼ਾਰ ਦ੍ਰਿਸ਼" ਜੋ ਸਾਡੇ ਸਨਮੁੱਖ ਹੈ ਇਸ ਕਿਤਾਬ ਨੂੰ ਸਾਹਿਬ ਦੀਪ ਪਬਲੀਕੇਸ਼ਨ, ਭੀਖੀ ਨੇ ਛਾਪਿਆ ਹੈ।ਇਸ ਕਿਤਾਬ ਵਿੱਚ 28 ਲੇਖ ਹਨ ਜਿਨ੍ਹਾਂ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਗਿਆ ਹੈ। ਇਹ ਕਿਤਾਬ ਮੀਡੀਆ ਡਿਜੀਟਲ ਬਜ਼ਾਰ ਤੋਂ ਸ਼ੁਰੂ ਹੋ ਕੇ ਅੱਜ ਦੇ ਤੇਜਤਰਾਰ ਦੁਨੀਆਂ ਵਿੱਚ ਗਲੋਬਲੀ ਤਬਦੀਲੀਆਂ , ਤਰੱਕੀਆਂ , ਚਣੌਤੀਆਂ ਵਿੱਚੀ ਹੁੰਦੀ ਹੋਈ ਪੰਜਾਬੀ ਮੀਡੀਆ ਦੀ ਪਛਾਣ ਅਤੇ ਇਸ ਦੇ ਸਥਾਨ ਤੱਕ ਪਹੁੰਚਦੀ ਹੈ।

ਮੀਡੀਆ ਹੁਣ ਸਿਰਫ ਖ਼ਬਰਾਂ ਦੇਣ ਦਾ ਜ਼ਰੀਆ ਨਹੀਂ ਰਿਹਾ ਜਿੰਨ੍ਹਾਂ ਵਿੱਚ ਕਦੇ ਅਖ਼ਬਾਰ , ਰੇਡੀਓ ਅਤੇ ਟੈਲੀਵਿਜ਼ਨ ਸ਼ਾਮਲ ਸਨ ਹੁਣ ਇਸ ਦੀ ਪ੍ਰੀਭਾਸ਼ਾ ਬਹੁਤ ਵੱਡੀ ਹੋ ਚੁੱਕੀ ਹੈ।ਡਿਜੀਟਲ ਮੀਡੀਆ ਬਜ਼ਾਰ ਜੇਕਰ ਆਪਾਂ ਗੱਲ ਕਰੀਏ ਤਾਂ ਇਹ ਉਹ ਮਾਰਕੀਟ ਹੈ ਜਿੱਥੇ ਇੰਟਰਨੈੱਟ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਸਮੱਗਰੀ ਉਤਪਾਦ ਅਤੇ ਸੇਵਾਵਾਂ ਬਣਾਈਆਂ, ਪ੍ਰਚਾਰਿਤ ਅਤੇ ਵੇਚੀਆਂ ਜਾਂਦੀਆਂ ਹਨ। ਇਹ ਬਜਾਰ ਕੋਈ ਇੱਕ ਦਿਨ ਵਿੱਚ ਪੈਦਾ ਨਹੀਂ ਹੋਇਆ। ਇਸ ਨੂੰ ਕਈ ਪੜਾਵਾਂ ਵਿੱਚੀਂ ਗੁਜ਼ਰਨਾ ਪਿਆ ਹੈ। ਅੱਜ ਕੱਲ ਪੌਡਕਾਸਟ ਬਹੁਤ ਚਰਚਾ ਵਿੱਚ ਹੈ।

ਡਾ. ਰੱਤੂ ਨਵੇਂ ਉੱਭਰੇ ਪੌਡਕਾਸਟ ਸਿਸਟਮ ਦੀਆਂ ਖਾਮੀਆਂ ਅਤੇ ਖੂਬੀਆਂ ਬਾਰੇ ਵੀ ਚਰਚਾ ਕਰਦੇ ਹੋਏ ਇਸ ਦੇ ਉਸਾਰੂ ਪੱਖ ਨੂੰ ਪੱਤਰਕਾਰਤਾ ਨਾਲ਼ ਜੋੜਨ ਸਬੰਧੀ ਹਾਂ ਪੱਖੀ ਨਜ਼ਰੀਆ ਅਪਨਾਉਂਦੇ ਇਸ ਸਬੰਧੀ ਸੰਤੁਲਿਤ ਰਾਹ ਲੱਭਣ ਦੀ ਲੋੜ ਤੇ ਜੋਰ ਦਿੰਦੇ ਹਨ। ਉਨ੍ਹਾਂ ਮੁਤਾਬਿਕ ਪੌਡਕਾਸਟ ਨੂੰ ਪੱਤਰਕਾਰਤਾ ਦਾ ਹਿੱਸਾ ਮੰਨਣ ਤੋਂ ਪਹਿਲਾਂ ਘੱਟੋ ਘੱਟ ਕੁੱਝ ਮਿਆਰ ਜ਼ਰੂਰ ਨਿਰਧਾਰਤ ਹੋਣੇ ਚਾਹੀਦੇ ਹਨ ਕਿਉਂਕਿ ਪੱਤਰਕ-ਾਰਿਤਾ ਕੇਵਲ ਮੀਡੀਆ ਬਣਾਉਣ ਦਾ ਨਾਂ ਨਹੀਂ ਸਗੋਂ ਮਿਆਰਾਂ, ਨੈਤਕਿਤਾ ਅਤੇ ਜਵਾਬਦੇਹੀ ਦੀ ਪਾਲਣਾ ਦਾ ਨਾਂ ਹੈ( ਪੰਨਾ 35)। ਅਜੋਕੇ ਸਮੇਂ ਪੱਤਰਕਾਰਾਂ ਦੀ ਹਰ ਪਾਸੇ ਭੀੜ ਹੈ। ਪੱਤਰਕਾਰ ਕੌਣ ਹੈ ਇਸ ਬਾਰੇ ਉਹ ਚਰਚਾ ਕਰਦੇ ਹੋਏ ਉਹ ਸਪਸ਼ਟ ਕਰਦੇ ਹਨ ਕਿ ਇਸ ਨੂੰ ਪਲੇਟਫਾਰਮ ਨਹੀਂ ਸਗੋਂ ਮਿਆਰਾਂ ਨਿਰਧਾਰਤ ਕਰਦੇ ਹਨ( ਪੰਨਾ 36)। ਇਸ ਵਿਉਪਾਰਕ ਯੁੱਗ ਵਿੱਚ ਕਿਰਦ-ਾਰ ਅਤੇ ਮਿਆਰ ਤੇਜ਼ੀ ਨਾਲ਼ ਡਿੱਗ ਰਹੇ ਹਨ ਜਦ ਕਿ ਮਿਆਰ ਹੀ ਪੱਤਰਕਾਰੀ ਦੀ ਜਿੰਦ ਜਾਨ ਹੁੰਦੇ ਹਨ।

ਇਸ ਕਿਤਾਬ ਵਿੱਚ ਉਨ੍ਹਾਂ ਨੇ ਆਪਣੇ ਇੱਕ ਲੇਖ ਵਿੱਚ ਐਲਨ ਮਸਕ ਦੀ ਨਵੀਂ ਦੁਨੀਆਂ ਦੀ ਖੋਜ , ਬਦਲ ਰਹੇ ਪ੍ਰਪੇਖ ਅਤੇ ਨਵੀਂ ਤਕਨੀਕ ਦੀ ਵਰਤੋਂ ਦੀ ਵੀ ਵਿਸਥਾਰ ਨਾਲ਼ ਚਰਚਾ ਵੀ ਕੀਤੀ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਆਨ ਲਾਇਨ ਫੈਲ ਰਹੀ ਅਸ਼ਲੀਲਤਾ ਉੱਤੇ ਉਂਗਲ ਧਰਦਿਆਂ ਇਸ ਸਬੰਧੀ ਅਦਾਲਤੀ ਰੁਖ਼ ਨੂੰ ਵੀ ਸਪਸ਼ਟ ਕੀਤਾ ਹੈ ਕਿ ਇਹ ਨਾ ਬਰਦਾਸ਼ਤ ਕਰਨਯੋਗ ਵਰਤਾਰਾ ਹੈ। ਦੂਜਾ, ਇਹ ਜ਼ਰੂਰੀ ਨਹੀਂ ਕਿ ਤਕਨੀਕੀ ਤਰੱਕੀ ਨਾਲ਼ ਇਖ਼ਲਾਕੀ ਅਤੇ ਸਮਾਜੀ ਤਰੱਕੀ ਹੋਣੀ ਤਹਿ ਹੈ। ਇਸ ਕਰਕੇ ਚੌਕਸ ਹੋਣ ਦੀ ਜ਼ਰੂਰਤ ਹੈ ( 42-43)।

ਮੌਜੂਦਾ ਸਥਿਤੀ ਉੱਤੇ ਚਿੰਤਾ ਜ਼ਾਹਿਰ ਕਰਦਿਆਂ ਉਹ ਇਹ ਕਹਿੰਦੇ ਹਨ ਕਿ ਅੰਨੇ ਮੁਕਾਬਲੇ ਅਤੇ ਮੁਨਾਫ਼ੇ ਦੀ ਹੋੜ ਵਿੱਚ ਬਹੁ ਪੱਖੀ ਤਬਾਹੀ ਵੇਖਣ ਨੂੰ ਮਿਲ ਰਹੀ ਹੈ। ਕੁੱਝ ਚੈਨਲਾਂ ਦੇ ਗੈਰ ਜ਼ਿੰਮੇਵਾਰ ਪੱਤਰਕਾਰਾਂ ਦੀਆਂ ਗੈਰ ਮਿਆਰੀ ਹਰਕਤਾਂ ਟੀ ਵੀ ਚੈਨਲਾਂ ਦੀ ਅਜ਼ਾਦੀ ਅਤੇ ਦਰਸ਼ਕਾਂ ਦਾ ਵਿਸ਼ਵਾਸ ਤੋੜਨ ਲਈ ਜ਼ਿੰਮੇਵਾਰ ਹਨ ਜਿਸ ਦੇ ਦੂਰਰਸ ਮਾੜੇ ਸਿੱਟੇ ਨਿਕਲਣਗੇ। ਉਹ ਸੁਚੇਤ ਕਰਦੇ ਹਨ ਕਿ ਭਰੋਸੇਯੋਗਤਾ ਦੇ ਗਵਾਚਣ ਦੇ ਮਾਰੂ ਸਿੱਟਿਆਂ ਬਾਰੇ ਸਾਨੂੰ ਚਿੰਤਤ ਹੋਣ ਦੀ ਜ਼ਰੂਰਤ ਹੈ। ਹੋਰ ਤਾਂ ਹੋਰ ਦੇਸ਼ ਅੰਦਰ ਰਾਜਨੀਤੀ ਦੇ ਖੇਤਰ ਵਿੱਚ ਭਾਸ਼ਾ ਦੀ ਸ਼ਾਲੀਨਤਾ ਅਤੇ ਮਰਿਆਦਾ ਖਤਮ ਹੋ ਰਹੀ ਹੈ। ਇਹ ਰੁਝਾਨ ਜਿੱਥੇ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ ਉੱਥੇ ਹੀ ਇਹ ਦੇਸ਼ ਦੀ ਕੌਮੀ ਅਤੇ ਕੌਮਾਤਰੀ ਦਿੱਖ ਨੂੰ ਬੂਰੀ ਤਰਾਂ ਪ੍ਰਭਾਵਿਤ ਕਰਦਾ ਹੈ ਜਿਸ ਦੇ ਬਹੁਤ ਪੱਖੀ ਮਾਰੂ ਪ੍ਰਭਾਵ ਪੈਣੇ ਸੁਭਾਵਕ ਹਨ। ਸਨਸਨੀ ਦੀ ਥਾਂ ਮੀਡੀਏ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਚਾਹੀਦਾ ਹੈ ਅਤੇ ਸਮਾਜਿਕ ਭਖਦੇ ਮੁੱਦਿਆਂ ਉੱਤੇ ਉਸਾਰੂ ਬਹਿਸ ਹੋਣੀ ਚਾਹੀਦੀ ਹੈ ਅਤੇ ਰਾਜਨੀਤਕ ਪਾਰਟੀਆਂ ਨੂੰ ਵੀ ਇਸ ਰੁਝਾਨ ਨਾਲ ਨਜਿੱਠਣ ਲਈ ਕਾਰਗਰ ਕਦਮ ਚੁੱਕਣੇ ਚਾਹੀਦੇ ਹਨ।( ਪੰਨਾ 51-53).

ਉਹ ਅਨੁਵਾਦ ਉੱਤੇ ਚਰਚਾ ਕਰਦਿਆਂ ਲਿਖਦੇ ਹਨ ਕਿ ਅਨੁਵਾਦ ਹੁਣ ਜਾਦੂ ਵਰਗਾ ਬਣ ਰਿਹਾ ਹੈ। ਪੰਜਾਬੀ ਮੀਡੀਆ ਅਨੁਵਾਦ ਦਾ ਵੱਡਾ ਉਪਭੋਗਤਾ ਹੈ ਪਰ ਪੰਜਾਬੀ ਅਨੁਵਾਦ ਹਮੇਸ਼ਾ ਹੀ ਗੁੰਝਲਦਾਰ ਰਿਹਾ ਹੈ। ਇਸ ਦੀ ਇੰਡੋ ਆਰੀਅਨ ਜੜਾਂ, ਟੋਨਲ ਸੁਭਾਅ, ਅਮੀਰ ਮਾਰਫੌਲੌਜੀ ਅਤੇ ਦੋਹਰੀ ਲਿੱਪੀ ਕਾਰਨ ਮਕੈਨਕੀ ਅਰਥ, ਅਰਥਾਂ ਦਾ ਅਨਰਥ ਕਰ ਜਾਂਦੇ ਹਨ( 57-62.)। ਪੰਜਾਬੀ ਮੀਡੀਏ ਦੇ ਇਤਿਹਾਸਕ ਪਿਛੋਕੜ ਬਾਰੇ ਉਹ ਕਹਿੰਦੇ ਹਨ ਕਿ ਪੰਜਾਬੀ ਪੱਤਰਕਾਰੀ ਦੀ ਸ਼ੁਰੂਆਤ 19 ਨੀਂ ਸਦੀ ਵਿੱਚ ਹੋਈ। ਪਹਿਲੇ ਅਖਬਾਰਾਂ ਵਿੱਚ ਅਖ਼ਬਾਰ ਏ ਅਮ੍ਰਿਤਸਰ, ਖ਼ਾਲਸਾ ਅਖ਼ਬਾਰ ਸ਼ਾਮਲ ਸਨ। ਫਿਰ ਅਜੀਤ, ਜੱਗਬਾਣੀ ਅਤੇ ਪੰਜਾਬੀ ਟ੍ਰਿਬਿਊਨ ਅਤੇ ਫਿਰ ਟੀ ਵੀ ਸ਼ੁਰੂ ਹੋਏ ਅਤੇ 21 ਵੀਂ ਸਦੀ ਵਿੱਚ ਡਿਜੀਟਲ ਕ੍ਰਾਂਤੀ ਨੇ ਸਭ ਕੁੱਝ ਬਦਲ ਦਿੱਤਾ ਪੰਜਾਬੀ ਮੀਡੀਆ ਇਕੱਲੀਆਂ ਆਰਥਿਕ, ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਖਬਰਾਂ ਹੀ ਨਹੀਂ ਦਿੰਦਾ ਸਗੋਂ ਇਸ ਨੇ ਪੰਜਾਬੀ ਸਭਿਆਚਾਰ ਨੂੰ ਇਕ ਨਵੀਂ ਉਡਾਣ ਦਿੱਤੀ ਹੈ। ਅੱਜ ਪੰਜਾਬੀ ਫ਼ਿਲਮਾਂ ਅਤੇ ਸੰਗੀਤ ਨੇ ਸੋਸ਼ਲ ਮੀਡੀਆ ਰਾਹੀਂ ਦੁਨੀਆਂ ਭਰ ਵਿੱਚ ਬਣਾ ਦਰਸ਼ਕ ਵਰਗ ਪੈਦਾ ਕਰ ਲਿਆ ਹੈ। ਇਹ ਇਸ ਦੀ ਵਿਲੱਖਣ ਪ੍ਰਾਪਤੀ ਹੈ।

ਉਹ ਆਰਟੀਫਿਸ਼ਲ ਇੰਟੈਲੀਜੈਂਸ ਨੂੰ ਇੱਕ ਵੱਡੀ ਤਬਦੀਲੀ ਵੱਜੋਂ ਵੇਖਦੇ ਹਨ ਪਰ ਇਹ ਮਸ਼ੀਨੀ ਤਰੱਕੀ ਮਨੁੱਖ ਦੀ ਸਹਾਈ ਤਾਂ ਹੋ ਸਕਦੀ ਹੈ ਪਰ ਇਸ ਦਾ ਬਦਲ ਨਹੀਂ ਬਣ ਸਕਦੀ ਕਿਉਂਕਿ ਆਰਟੀਫਿਸ਼ਲ ਇੰਟੈਲੀਜੈਂਸ ਵਿੱਚ ਸੰਵੇਦਨਾ ਨਹੀਂ ਹੁੰਦੀ। ਤਾਂ ਹੀਂ ਦੁਨੀਆਂ ਦਾ ਪ੍ਰਸਿੱਧ ਭਾਸ਼ਾ ਵਿਗਿਆਨੀ ਚੌਮਸਕੀ ਇਸ ਨੂੰ "ਮਕੈਨੀਕਲ ਪਲੈਗਰਿਜ਼ਮ" ਦਾ ਨਾਂ ਦਿੰਦਾ ਹੈ। ਆਰਟੀਫਿਸ਼ਲ ਇੰਟੈਲੀਜੈਂਸ ਉਹੀ ਦੱਸਦਾ ਹੈ ਸੋ ਉਸ ਨੂੰ ਮਨੁੱਖ ਵੱਲੋ ਫੀਡ ਕੀਤਾ ਜਾਂਦਾ ਹੈ। ਇਸੇ ਸੰਦਰਭ ਵਿੱਚ ਡਾ. ਰੱਤੂ ਮੀਡੀਆ ਦੀ ਮਹੱਤਤਾ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਜਦੋਂ ਤੱਕ ਮਨੁੱਖ ਆਪਣੇ ਦੁੱਖ- ਸੁੱਖ , ਖੁਸੀ - ਗਮੀ, ਸੰਘਰਸ਼ਾਂ ਅਤੇ ਸੁਪਨਿਆਂ ਨੂੰ ਸਾਂਝਾ ਕਰਦਾ ਰਹੇਗਾ, ਮੀਡੀਆ ਦੀ ਲੋੜ ਰਹੇਗੀ ਕਿਉਂਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ । ਰਿਸ਼ਤਿਆਂ ਦੀ ਤੰਦ ਸਹਾਰੇ ਹੀ ਮਨੁੱਖ ਆਪਣਾ ਜੀਵਨ ਬਸ਼ਰ ਕਰਦਾ ਹੈ। ਇਹ ਰਿਸ਼ਤਿਆਂ ਦੀ ਤੰਦ ਹੀ ਸਮਾਜ ਨੂੰ ਜਨਮ ਦਿੰਦੀ ਹੈ। ਇਸ ਤਰ੍ਹਾਂ ਮੀਡੀਆ ਵੀ ਇੱਕ ਤੰਦ ਹੈ ਜਿਹੜੀ ਸਮਾਜ ਅਤੇ ਸਤ੍ਹਾ ਨੂੰ ਜੋੜਕੇ ਰੱਖਦੀ ਹੈ। ਇਸ ਤਰ੍ਹਾਂ ਮੀਡੀਆ ਇੱਕ ਪੁਲ਼ ਵਾਂਗੂੰ ਕੰਮ ਕਰਦਾ ਹੈ। ਇਸ ਦੇ ਰੂਪ ਅਤੇ ਸਰੂਪ ਕੋਈ ਵੀ ਹੋਣ ਪਰ ਇਸ ਦੀ ਸਾਰਥਿਕਤਾ ਬਣੀ ਰਹੇਗੀ।

ਇਸ ਤੋਂ ਇਲਾਵਾ ਇਹ ਕਿਤਾਬ ਬਦਲ ਰਹੀਆਂ ਪ੍ਰਸਥਿਤੀਆਂ ਵਿੱਚ ਮੀਡੀਏ ਦੀ ਭੂਮਿਕਾ ਨੂੰ ਵੀ ਬੜੀ ਗਹਿਰੀ ਨਜ਼ਰ ਨਾਲ਼ ਵਾਚਦੀ ਭਵਿੱਖ ਵਿਚਲੀਆਂ ਚਣੌਤੀਆਂ/ ਖਤਰਿਆਂ ਅਤੇ ਜ਼ਿੰਮੇਵਾਰੀਆਂ ਦੀ ਨਿਸ਼ਾਨਦੇਹੀ ਵੀ ਤਹਿ ਕਰਦੀ ਹੋਈ 124 ਪੰਨਿਆਂ ਵਿੱਚ ਫੈਲੀ ਹੋਈ ਹੈ। ਡਾ. ਰੱਤੂ ਦੇ ਇਸ ਕਾਰਜ ਨੂੰ ਜੀ ਆਇਆਂ ਕਹਿਣਾ ਬਣਦਾ ਹੈ ਅਤੇ ਇਸ ਖੇਤਰ ਨਾਲ਼ ਸਬੰਧਤ ਕਰਮੀਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ।



ਡਾ. ਮੇਹਰ ਮਾਣਕ

# ਵੋ ਸੱਤਰ ਦਿਨ

ਆਸਟਰੇਲੀਆ ਸਰਕਾਰ ਨੇ ਸਾਨੂੰ ਨੱਬੇ ਦਿਨ ਰਹਿਣ ਦੀ ਪਰਮਿਸ਼ਨ ਦਿੱਤੀ ਸੀ। ਵਿਸ਼ਵ ਦੇ ਹਾਲਾਤ ਸਹੀ ਨਹੀਂ ਸਨ। ਅਮਰੀਕਾ-ਇਰਾਨ ਯੁੱਧ ਦਾ ਪ੍ਰਭਾਵ ਸਾਰੇ ਦੇਸ਼ਾਂ ਤੇ ਪੈ ਰਿਹਾ ਸੀ। ਟਰੰਪ ਨਿੱਤ ਨਵੇਂ ਬਿਆਨ ਦਾਗਦਾ ਸੀ। ਹਰ ਦੇਸ਼ ਵਿੱਚ ਪੇਟ੍ਰੋਲ, ਗੈਸ ਦੀ ਕਿੱਲਤ ਹੋ ਰਹੀ ਸੀ ਤੇ ਰੇਟ ਵੱਧ ਰਹੇ ਸਨ। ਇੱਕ ਡਰ ਜਿਹਾ ਬਣਿਆ ਹੋਇਆ ਸੀ ਕਿ ਕਦੋਂ ਹਾਲਾਤ ਜਿਆਦਾ ਬਿਗੜ ਜਾਣ। ਦੂਜਾ ਸਾਡਾ ਸਟੇ ਮੇਰੇ ਨਾਲ ਦੀ ਦੀ ਸਿਹਤ ਤੇ ਵੀ ਨਿਰਭਰ ਕਰਦਾ ਸੀ। ਉਥੇ ਇਲਾਜ ਦੀ ਬਹੁਤੀ ਸਹੂਲਤ ਨਹੀਂ ਸੀ। ਸੋ ਅਸੀਂ ਆਪਣੀ ਵਾਪਸੀ ਟਿਕਟ ਪਹਿਲਾਂ ਨਹੀਂ ਬੁੱਕ ਕਰਵਾਈ ਤੇ ਮੌਕੇ ਤੇ ਹੀ ਬੁੱਕ ਕਰਾਉਣ ਦਾ ਸੋਚਿਆ। ਇਸੇ ਲਈ ਅਸੀਂ ਸੱਤਰ ਦਿਨਾਂ ਬਾਅਦ ਹੀ ਮੁੜ ਆਏ। ਇਹ ਸੱਤਰ ਦਿਨ ਜਿੰਦਗੀ ਦੇ ਸੁਨਹਿਰੀ ਦਿਨ ਹੋ ਨਿਭੜੇ।

ਇੱਥੇ ਰਹਿੰਦੀ ਬੇਟੀ ਕਿਚਨ ਦੇ ਕੰਮ ਤੋਂ ਬਹੁਤੀ ਜਾਣੂ ਨਹੀਂ ਸੀ। ਬੱਸ ਆਪਣੀ ਜੋਬ ਵਿੱਚ ਹੀ ਉਲਝੀ ਰਹਿੰਦੀ ਸੀ। ਉਹ ਆਪਣੀ ਕੰਪਨੀ ਨੂੰ ਬਹੁਤ ਡੈਡੀਕੇਟਡ ਸੀ। ਤਾਂਹੀਓਂ ਤਾਂ ਉਹ ਜਲਦੀ ਤਰੱਕੀ ਕਰ ਗਈ। ਪ੍ਰੰਤੂ ਉਥੇ ਜਾਕੇ ਉਹ ਐਕਸਪਰਟ ਹੋ ਗਈ। ਉਹ ਸਵਾਦ ਸਬਜ਼ੀਆਂ ਬਣਾਉਂਦੀ। ਟਿੱਕੀ, ਭੱਲੇ ਅਤੇ ਗੋਲਗੱਪੇ ਵੀ ਘਰੇ ਹੀ ਬਣਾਉਂਦੀ। ਉਹ ਬੇਗਮ ਨੂੰ ਕਿਚਨ ਦਾ ਕੋਈ ਕੰਮ ਨਾ ਕਰਨ ਦਿੰਦੀ। "ਮੰਮਾਂ ਤੁਸੀਂ ਆਰਾਮ ਕਰੋ।" ਇਸ ਲਈ ਅਸੀਂ ਵੇਹਲੇ ਹੀ ਹੁੰਦੇ ਸੀ।

ਬਾਹਰ ਮੌਸਮ ਬਹੁਤ ਵਧੀਆ ਹੁੰਦਾ ਸੀ। ਨਾ ਗਰਮੀ ਤੇ ਨਾ ਬਹੁਤ ਸਰਦੀ। ਸ਼ੁੱਧ ਹਵਾ ਪਾਣੀ। ਬਾਹਰ ਘੁੰਮਣ ਨੂੰ ਦਿਲ ਕਰਦਾ। ਦੂਜੇ ਦਿਨ ਅਸੀਂ ਬਾਹਰ ਗੇੜੀ ਲਾਉਣ ਬਾਰੇ ਸੋਚਿਆ। ਸਾਡੇ ਕੋਲ ਨੈੱਟ ਵਾਲਾ ਸਿੰਮ ਨਹੀਂ ਸੀ। ਅੰਜਾਣ ਸ਼ਹਿਰ ਵਿੱਚ ਅਸੀਂ ਰਸਤਾ ਭਟਕ ਸਕਦੇ ਸੀ। ਬਾਹਰੋਂ ਅਸੀਂ ਕੋਈ ਕਾਲ ਵੀ ਨਹੀਂ ਸੀ ਕਰ ਸਕਦੇ। ਫਿਰ ਤਾਂ ਖੈਰ ਬੇਟੇ ਨੇ ਆਪਣਾ ਸੈਕੰਡ ਸਿੰਮ ਮੈਨੂੰ ਦੇ ਦਿੱਤਾ। ਅਸੀਂ ਬਿਨਾਂ ਕੋਈ ਸੜਕ ਕਰਾਸ ਕੀਤੇ ਆਪਣੀ ਸੁਸਾਇਟੀ ਦੇ ਚਾਰੇ ਪਾਸੇ ਇੱਕ ਚੱਕਰ ਲਾਉਣ ਦਾ ਫੈਸਲਾ ਕੀਤਾ। ਅਸੀਂ ਕਾਮਯਾਬ ਰਹੇ ਕਿਉਂਕਿ ਘਰਾਂ ਦੇ ਮੂਹਰੇ ਬਣੇ ਫੁੱਟਪਾਥ ਦੁਆਲੇ ਹੀ ਤਾਂ ਘੁੰਮਣਾ ਸੀ।



ਰਸਤੇ ਵਿੱਚ ਸਾਨੂੰ ਕੋਈ ਬੰਦਾ ਪਰਿੰਦਾ ਵੀ ਨਾ ਮਿਲਦਾ। ਕੋਈ ਕੋਈ ਗੋਰਾ ਮਿਲਦਾ ਤੇ ਉਹ ਜ਼ਰੂਰ ਬੁਲਾਉਂਦਾ ਜਾਂ ਸਮਾਈਲ ਪਾਸ ਕਰਦਾ। ਗੋਰੀਆਂ ਵੀ ਸਮਾਈਲ ਪਾਸ ਕਰਦੀਆਂ। ਅਸੀਂ ਕੋਠੀਆਂ ਦੇ ਡਿਜ਼ਾਈਨ ਵੇਖਦੇ। ਨਵੀਆਂ ਬਣ ਰਹੀਆਂ ਕੋਠੀਆਂ ਦਾ ਢਾਂਚਾ ਅੰਦਰ ਜਾਕੇ ਵੇਖਦੇ। ਹਰ ਘਰ ਮੂਹਰੇ ਹਰਿਆਲੀ ਹੀ ਹਰਿਆਲੀ ਹੁੰਦੀ ਸੀ। ਬਹੁਤੇ ਘਰਾਂ ਵਿੱਚ ਫਲਦਾਰ ਬੂਟੇ ਲੱਗੇ ਹੋਏ ਸਨ ਜੋ ਫਲਾਂ ਨਾਲ ਲੱਦੇ ਹੋਏ ਹਨ। ਮਾਲਿਕਾਂ ਕੋਲ ਸ਼ਾਇਦ ਤੋੜਣ ਦਾ ਹੀ ਟਾਈਮ ਨਹੀਂ। ਕਈਆਂ ਨੇ ਵੱਡੇ ਪੌਦਿਆਂ ਉੱਪਰ ਜਾਲੀ ਲਗਾਈ ਹੋਈ ਸੀ। ਫਲਾਂ ਨਾਲ ਲੱਦੇ ਬੂਟੇ ਦੇਖਕੇ ਸਾਡਾ ਮਨ ਲਚਾਉਂਦਾ। ਪਰ ਇਹ ਇੰਡੀਆ ਨਹੀਂ ਸੀ। ਬੇਗਾਨਾ ਮੁਲਕ ਹੋਣ ਕਰਕੇ ਡਰ ਬਹੁਤ ਲੱਗਦਾ।

ਆਸਟਰੇਲੀਆ ਅਸੀਂ ਕੋਈ ਸੈਰ ਕਰਨ ਨਹੀਂ ਸੀ ਗਏ। ਸਾਡਾ ਮੁੱਖ ਉਦੇਸ਼ ਤਾਂ ਤਕਰੀਬਨ ਤਿਰਤਾਲੀ-ਚੁਤਾਲੀ ਮਹੀਨਿਆਂ ਦੇ ਵਿਛੋੜੇ ਦੀ ਅੱਗ ਨੂੰ ਸ਼ਾਂਤ ਕਰਨਾ ਸੀ। ਆਪਣੀ ਔਲਾਦ ਨੂੰ ਰੱਜਕੇ ਵੇਖਣਾ ਸੀ। ਖਾਣ-ਪੀਣ ਦੀ ਭੁੱਖ ਨਾਲੋਂ ਅੱਖਾਂ ਦੀ ਭੁੱਖ ਮਿਟਾਉਣੀ ਬਹੁਤ ਜਰੂਰੀ ਹੁੰਦੀ ਹੈ। ਔਲਾਦ ਤੋਂ ਦੂਰੀ ਬੰਦੇ ਨੂੰ ਦਿਮਾਗੀ ਤੌਰ ਤੇ ਅਪਾਹਜ ਕਰ ਦਿੰਦੀ ਹੈ। ਹੁਣ ਸਾਡੀ ਉਹ ਔਲਾਦ ਸਾਡੀਆਂ ਅੱਖਾਂ ਦੇ ਸਾਹਮਣੇ ਸੀ। ਅਸੀਂ ਨੈਣ ਸੁੱਖ ਮਾਣ ਸਕਦੇ ਸੀ।

ਮੈਂ ਨੋਟ ਕਰਦਾ ਬੇਗਮ ਬੈਠੀ ਪੋਤੀ, ਬੇਟੀ ਤੇ ਬੇਟੇ ਨੂੰ ਨਿਹਾਰਦੀ ਰਹਿੰਦੀ। ਚਾਹੇ ਉਹ ਆਪਣੇ ਕੰਮ ਵਿੱਚ ਮਸਤ ਹੁੰਦੇ। ਸਭ ਦੇ ਖਾਣੇ-ਪੀਣੇ ਦਾ ਫਿਕਰ ਕਰਦੀ। ਇੱਕ ਮਾਂ ਸੀ ਨਾ। ਕਈ ਵਾਰੀ ਛੋਟੀਆਂ ਛੋਟੀਆਂ ਗੱਲਾਂ ਕਰਦੀ ਤੇ ਉਸਦੇ ਚੇਹਰੇ ਲਾਲੀ ਝਲਕਦੀ। ਇਹ ਸਭ ਲੰਮੇ ਵਿਛੋੜੇ ਨੂੰ ਮਿਟਾਉਣ ਦੇ ਤਰੀਕੇ ਸਨ। ਇਹਨਾਂ ਗੱਲਾਂ ਨਾਲ ਰੱਜ ਨਹੀਂ ਆਉਂਦਾ ਤੇ ਆਉਣਾ ਵੀ ਨਹੀਂ ਚਾਹੀਦਾ। ਪ੍ਰੰਤੂ ਮਾਨਸਿਕ ਸੰਤੁਸ਼ਟੀ ਜ਼ਰੂਰ ਅਥਾਹ ਮਿਲਦੀ ਹੈ। ਕਹਿੰਦੇ ਧੀ-ਪੁੱਤ ਦਾ ਵਿਛੋੜਾ ਮਾਂ ਨੂੰ ਅੰਨ੍ਹਾ ਕਰ ਦਿੰਦਾ ਹੈ। ਸ਼ਾਇਦ ਇਹ ਹਾਲ ਪਿਓ ਦਾ ਵੀ ਹੁੰਦਾ ਹੋਵੇਗਾ ਪਰ ਓਹ ਕਿਸੇ ਨੂੰ ਆਖ ਨਹੀਂ ਸੁਣਾਉਂਦਾ।

**ਰਮੇਸ਼ ਸੇਠੀ ਬਾਦਲ**
9876627233

# ਸੱਤਾ ਵਿੱਚ ਹੋਵੇ ਚੁੱਪ ਤੇ ਵਿਰੋਧ ਵਿੱਚ ਹੋਵੇ ਤਾਂ ਰੌਲਾ

ਕਾਂਗਰਸ! ਕਾਂਗਰਸ!! ਹਾਏ ਕਾਂਗਰਸ!!!

ਬੀਬਾ ਹਰਸਿਮਰਤ ਜੀ ਇਸ ਤੋਂ ਬਿਨਾਂ ਕੋਈ ਹੋਰ ਮੁੱਦਾ ਵੀ ਹੈ ਤੁਹਾਡੇ ਕੋਲ। 2015 'ਚ ਬਰਗਾੜੀ, ਕੋਟਕਪੂਰਾ, ਬਹਿਬਲ ਕਲਾਂ ਕਾਂਡ ਹੋਇਆ। ਉਦੋਂ ਅਕਾਲੀ-ਬੀਜੇਪੀ ਦੀ ਸਰਕਾਰ ਸੀ। ਸਿਟ ਕਮਿਸ਼ਨ ਬਣੇ ਪਰ 10 ਸਾਲਾਂ 'ਚ ਨਤੀਜਾ ਜ਼ੀਰੋ। ਹੁਣ ਵਿਰੋਧ 'ਚ ਬੈਠ ਕੇ ਹਰ ਰੋਜ਼ ਕਾਂਗਰਸ ਦਾ ਨਾਂ ਲੈਣਾ, ਲੋਕਾਂ ਨੂੰ "ਹੁਣ ਯਾਦ ਆਈ" ਵਾਲਾ ਲੱਗਦਾ ਹੈ। ਪਹਿਲਾਂ ਬੇਅਦਵੀਆਂ ਕਰਵਾ ਲਈਆਂ। ਆਪਣੀ ਸਰਕਾਰ ਵੇਲੇ ਗੱਲ ਨੀ ਗੌਲੀ ਤੇ ਹੁਣ ਕਦੀ ਤਾਂ ਹੋਈਆਂ ਬੇਅਦਬੀਆਂ ਦਾ ਢੋਲ ਵਜਾਉਣ ਬਹਿ ਜਾਂਦੇ ਹੋ ਤੇ ਜਦੋਂ ਕੋਈ ਹੋਰ ਗੱਲ ਨੀ ਬੌਹੜਦੀ ਤਾਂ ਕਾਂਗਰਸ ਦੁਆਲੇ ਹੋ ਜਾਂਦੇ ਹੋ।

ਸਮੈਕ ਤੇ ਚਿੱਟੇ ਜਿਹਾ ਨਸ਼ਾ ਤੁਹਾਡੇ ਵੇਲੇ ਸ਼ੁਰੂ ਹੋਇਆ ਜੇ ਹੁਣ ਕੈਂਸਰ ਦੀ ਤਰਾਂ ਫੈਲ ਚੁੱਕਾ ਹੈ। "ਚਿੱਟਾ" ਸ਼ਬਦ ਤਾਂ 2012-2017 ਦੇ ਕਾਰਜਕਾਲ ਦੌਰਾਨ ਹੀ ਸਾਹਮਣੇ ਆਇਆ। ਉਦੋਂ ਵੀ ਆਲੋਚਨਾ ਹੋਈ ਕਿ ਵੱਡੇ ਮਗਰਮੱਛਾਂ ਤੱਕ ਹੱਥ ਨਹੀਂ ਗਿਆ। ਅੱਜ ਉਹੀ ਨਸ਼ਾ ਪਿੰਡ-ਪਿੰਡ ਪਹੁੰਚ ਗਿਆ ਹੈ। ਓਦੋਂ ਤਾਂ ਸੱਤਾ ਦੀ ਚੌਧਰ ਤੇ ਚਕਾਚੌਂਧ ਵਿੱਚ ਕੁਝ ਨਜ਼ਰ ਨੀ ਆਇਆ ਤੇ ਹੁਣ ਜਦ ਪੱਲੇ ਕੱਖ ਨੀ ਰਿਹਾ ਤਾਂ ਦੁਹਾਈਆਂ ਪਾਉਂਦੇ ਫਿਰਦੇ ਹੋ।

ਤੁਸੀਂ ਤਾਂ ਕਿਸਾਨਾਂ ਨੂੰ ਵੀ ਅੱਤਵਾਦੀ ਦੱਸਦੇ ਸੀ ਤੇ ਕਹਿੰਦੇ ਸੀ ਕਿ ਕਾਨੂੰਨ ਤਾਂ ਚੰਗਾ ਏ ਪਰ ਇਹਨਾਂ ਦੀ ਸਮਝ ਵਿੱਚ ਨੀ ਆ ਰਿਹਾ। ਜਦੋਂ ਨੱਕ ਦੀ ਚੋ ਕੇ ਮੂੰਹ ਵਿੱਚ ਪੈਣ ਲੱਗੀ ਤਾਂ ਅਸਤੀਫਾ ਦੇਣ ਦਾ ਖਿਆਲ ਆ ਗਿਆ।

ਹੁਣ ਵਿਰੋਧ ਕਰਨਾ ਸੌਖਾ ਹੈ, ਜਦੋਂ ਸੱਤਾ ਸੀ ਉਦੋਂ ਸਖ਼ਤ ਕਦਮ ਕਿਉਂ ਨਹੀਂ ਚੁੱਕੇ? - ਸਵਾਲ ਇਹ ਉੱਠਦਾ ਹੈ। ਲੋਕ ਹੁਣ "ਕਾਂਗਰਸ ਹਾਏ ਕਾਂਗਰਸ" ਵਾਲੀ ਰਾਜਨੀਤੀ ਤੋਂ ਥੱਕ ਗਏ ਨੇ। ਹਰ ਪਾਰਟੀ ਵਿਰੋਧ 'ਚ ਬੈਠ ਕੇ ਪੁਰਾਣੇ ਜ਼ਖ਼ਮ ਕੁਰੇਦਦੀ ਹੈ, ਪਰ ਹੱਲ ਕੋਈ ਨਹੀਂ ਦੱਸਦਾ। ਸੱਤਾ 'ਚ ਹੋਵੇ ਤਾਂ ਚੁੱਪ, ਵਿਰੋਧ 'ਚ ਹੋਵੇ ਤਾਂ ਰੌਲਾ। ਇਸੇ ਕਰਕੇ ਲੋਕਾਂ ਦਾ ਭਰੋਸਾ ਟੁੱਟਦਾ ਜਾ ਰਿਹਾ ਹੈ। ਲੋਕਾਂ ਦਾ ਭਰੋਸਾ ਇਸੇ ਕਰਕੇ ਟੁੱਟਿਆ ਹੈ ਕਿਉਂਕਿ ਕਾਂਗਰਸ ਹਾਏ ਕਾਂਗਰਸ ਤੋਂ ਅੱਗੇ ਕੋਈ ਗੱਲ ਹੀ ਨਹੀਂ।

ਜ਼ਰਾ ਆਪਣੀਆਂ ਪ੍ਰਾਪਤੀਆਂ ‘ਤੇ ਨਜ਼ਰ ਤਾਂ ਮਾਰੋ ਕਿ ਐਨੇ ਮੌਕੇ ਕੋਲ ਹੋਣ ਦੇ ਬਾਵਜੂਦ ਤੁਸੀਂ ਤੇ ਤੁਹਾਡੀ ਸਰਕਾਰ ਨੇ ਕਰਿਆ ਕੀ?

1. "ਤੁਹਾਡੇ ਰਾਜ 'ਚ ਹੀ 'ਕੈਨੇਡਾ ਜਾਣਾ' ਫੈਸ਼ਨ ਬਣਿਆ। ਕਦੀ ਘਰ 'ਚੋਂ 1 ਮੁੰਡਾ ਬਾਹਰ ਸੀ ਤੇ ਅੱਜ ਪਿੰਡ ਖਾਲੀ ਹੋ ਗਏ ਨੇ। ਕਾਲਜ ਬਣਾਏ ਨਹੀਂ, ਫੈਕਟਰੀਆਂ ਲਿਆਂਦੀਆਂ ਨਹੀਂ। ਹੁਣ ਕਹਿੰਦੇ ਹੋ ਨੌਜਵਾਨਾਂ ਦਾ ਭਵਿੱਖ ਖਰਾਬ ਹੋ ਗਿਆ। ਸੱਤਾ 'ਚ ਸੀ ਤਾਂ ਸਕਿੱਲ ਸੈਂਟਰ ਕਿੱਥੇ ਸਨ?"

2. ਐੱਸ ਜੀ ਪੀ ਸੀ ਅਤੇ ਧਾਰਮਿਕ ਅਦਾਰਿਆਂ ਦਾ ਹਾਲ-

1000 ਕਰੋੜ ਦੇ ਬਜਟ ਵਾਲੀ ਐੱਸ ਜੀ ਪੀ ਸੀ ਕੋਲ 1 ਮੈਡੀਕਲ ਕਾਲਜ, 0 ਯੂਨੀਵਰਸਿਟੀ। ਦੂਜੇ ਪਾਸੇ ਦੇਖੋ ਕਿੱਥੇ ਕਿੱਥੇ ਏਮਜ਼ ਬਣ ਗਏ। ਸਵਾਲ ਉੱਠਦਾ ਹੈ ਜਦੋਂ ਸੱਤਾ 'ਚ ਸੀ ਤਾਂ ਧਰਮ ਦੇ ਨਾਂ 'ਤੇ ਸਿਰਫ ਗੁਰਦੁਆਰੇ ਹੀ ਬਣਵਾਏ, ਸੰਸਥਾਵਾਂ ਕਿਉਂ ਨਹੀਂ ਖੜ੍ਹੀਆਂ ਕੀਤੀਆਂ?

3. ਸਿੰਡੀਕੇਟ ਰਾਜ-

ਰੇਤਾ, ਬਜਰੀ, ਸ਼ਰਾਬ, ਟਰਾਂਸਪੋਰਟ, ਕੇਬਲ... ਸਭ 'ਤੇ ਸਿੰਡੀਕੇਟ। ਉਦੋਂ ਕੋਈ ਨਸ਼ਾ ਤਸਕਰ ਨਹੀਂ ਦਿਸਿਆ, ਕੋਈ ਮਾਫੀਆ ਨਹੀਂ ਦਿਸਿਆ। ਅੱਜ ਵਿਰੋਧ 'ਚ ਬੈਠ ਕੇ ਮਾਫੀਆ ਮਾਫੀਆ ਚੀਕਦੇ ਹੋ। ਸੱਤਾ 'ਚ ਸੀ ਤਾਂ ਉਨ੍ਹਾਂ ਦੇ ਹੀ ਟਰੱਕ ਚੱਲਦੇ ਸਨ।

4. ਬੀਬਾ ਜੀ ਦਾ ਮੰਤਰੀ ਵਾਲਾ ਰਿਕਾਰਡ-

ਕੇਂਦਰ 'ਚ 9 ਸਾਲ ਮੰਤਰੀ ਰਹੇ। ਪੰਜਾਬ ਲਈ ਕਿਹੜਾ ਵੱਡਾ ਪ੍ਰੋਜੈਕਟ ਲਿਆਏ? ਏਮਜ਼, ਆਈ ਆਈ ਟੀ, ਰੇਲ ਕੋਚ ਫੈਕਟਰੀ - ਸਭ ਅਗਲੀਆਂ ਸਰਕਾਰਾਂ ਨੇ ਦਿੱਤੇ। ਹੁਣ ਵਿਰੋਧ 'ਚ ਬੈਠ ਕੇ ਕੇਂਦਰ ਨੂੰ ਕੋਸਦੇ ਹੋ।"

ਪੰਜਾਬ ਦੀ ਬਰਬਾਦੀ ਦੀ ਸਕ੍ਰਿਪਟ ਸੱਤਾ 'ਚ ਲਿਖੀ ਗਈ, ਅਤੇ ਹੁਣ ਵਿਰੋਧ 'ਚ ਉਸੇ ਦਾ ਪ੍ਰੈੱਸ ਨੋਟ ਜਾਰੀ ਹੋ ਰਿਹਾ ਹੈ।

"ਪੰਜਾਬ ਹੁਣ ਪੁੱਛਦਾ ਹੈ - ਰੌਲਾ ਨਹੀਂ, ਜਵਾਬ ਦਿਓ। ਜ਼ਖ਼ਮ ਨਹੀਂ, ਮਰਹਮ ਲਾਓ। ਸੱਤਾ 'ਚ ਕੀ ਕੀਤਾ, ਵਿਰੋਧ 'ਚ ਕੀ ਕਰੋਗੇ? ਬਸ 'ਕਾਂਗਰਸ ਹਾਏ ਕਾਂਗਰਸ' ਕਹਿਣ ਨਾਲ ਪੇਟ ਨਹੀਂ ਭਰਦਾ।"

ਅੱਜ ਪੰਜਾਬ ਨੂੰ ਰੌਲਾ ਨਹੀਂ, ਰੋਡਮੈਪ ਚਾਹੀਦਾ ਹੈ।

ਨਸ਼ੇ ਦਾ ਹੱਲ, ਬੇਰੁਜ਼ਗਾਰੀ ਦਾ ਹੱਲ, ਸਿਹਤ-ਸਿੱਖਿਆ ਦਾ ਹੱਲ।

ਸਮਾਂ ਰਹਿੰਦਿਆਂ ਸਮਝ ਜਾਓ ਤਾਂ ਚੰਗਾ ਹੈ। ਪੰਜਾਬ ਨੂੰ ਹੁਣ ਨਾਅਰੇ ਨਹੀਂ, ਨੀਤੀ ਚਾਹੀਦੀ ਹੈ। ਦੋਸ਼ ਨਹੀਂ ਦਵਾਈ ਚਾਹੀਦੀ ਹੈ।



**ਗੁਰਜਿੰਦਰ ਸਿੰਘ ਸਾਹਦੜਾ**
9815302341

# ਰਿਚਮੰਡ ਸਕੇਟਿੰਗ ਕਲੱਬ ਦੇ ਖਿਡਾਰੀਆਂ ਨੇ ਜਿੱਤੇ ਕਈ ਤਗਮੇ

**ਵੈਨਕੂਵਰ, 7 ਜੁਲਾਈ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਪੈਂਦੇ ਸ਼ਹਿਰ ਬਰਨਬੀ 'ਚ ਕਰਵਾਏ ਗਏ ਸਕੇਟਿੰਗ ਮੁਕਾਬਲਿਆਂ ਦੌਰਾਨ ਰਿਚਮੰਡ ਸਕੇਟਿੰਗ ਕਲੱਬ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਈ ਤਮਗੇ ਜਿੱਤਣ 'ਚ ਕਾਮਯਾਬੀ ਹਾਸਲ ਕੀਤੀ ਹੈ। ਇਹਨਾਂ ਮੁਕਾਬਲਿਆਂ ਵਿੱਚ 40 ਤੋਂ ਵੱਧ ਖਿਡਾਰੀਆਂ ਨੇ ਭਾਗ ਲੈ ਕੇ ਆਪਣੀ ਸਰੀਰਕ ਪ੍ਰਤੀਯੋਗਤਾ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਰਿਚਮੰਡ ਸਕੇਟਿੰਗ ਕਲੱਬ ਦੇ ਕਈ ਖਿਡਾਰੀਆਂ ਨੇ ਵੱਖ-ਵੱਖ ਵਰਗਾਂ ਵਿੱਚ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤ ਕੇ ਕਲੱਬ ਦਾ ਨਾਮ ਰੌਸ਼ਨ ਕੀਤਾ। ਕਲੱਬ ਦੇ ਕੋਚਾਂ ਅਤੇ ਪ੍ਰਬੰਧਕਾਂ ਨੇ ਖਿਡਾਰੀਆਂ ਦੀ ਸਫਲਤਾ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਖਿਡਾਰੀਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਲਗਾਤਾਰ ਅਭਿਆਸ ਦਾ ਇਹ ਨਤੀਜਾ ਹੈ। ਉਨ੍ਹਾਂ ਨੇ ਆਸ ਜਤਾਈ ਕਿ ਇਹ ਖਿਡਾਰੀ ਆਉਣ ਵਾਲੇ ਸੂਬਾਈ ਅਤੇ ਕੌਮੀ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਨਗੇ।




**ਬਰਨਬੀ ਵਿੱਚ ਕਰਵਾਏ ਗਏ ਸਕੇਟਿੰਗ ਮੁਕਾਬਲੇ ਦੌਰਾਨ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਰਿਚਮੰਡ ਸਕੇਟਿੰਗ ਕਲੱਬ ਦਾ ਇੱਕ ਖਿਡਾਰੀ।**

# ਸੰਤ ਤੇਜਾ ਸਿੰਘ ਦੀ ਯਾਦ 'ਚ ਸਮਾਗਮ ਆਯੋਜਿਤ

**ਵੈਨਕੂਵਰ, ਜੁਲਾਈ (ਮਲਕੀਤ ਸਿੰਘ)**– ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਅਤੇ ਅਕਾਲ ਅਕੈਡਮੀ ਸਰੀ ਦੇ ਸਾਂਝੇ ਉਪਰਾਲੇ ਸਦਕਾ

ਸੰਤ ਤੇਜਾ ਸਿੰਘ ਦੀ ਯਾਦ ਵਿੱਚ ਇੱਕ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ

ਇਸ ਮੌਕੇ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਸਜਾਏ ਗਏ ਇੱਕ ਧਾਰਮਿਕ ਦੀਵਾਨ ਦੌਰਾਨ ਕੀਰਤਨੀ, ਕਵੀਸ਼ਰੀ ਅਤੇ ਢਾਡੀ ਜਥਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ

ਹੋਰਨਾ ਬੁਲਾਰਿਆਂ ਤੋਂ ਇਲ-ਾਵਾ ਇਸ ਮੌਕੇ 'ਤੇ ਗਿਆਨ ਸਿੰਘ ਸੰਧੂ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਡਾ. ਪਰਗਟ ਸਿੰਘ ਭੁਰਜੀ, ਲਖਵਿੰਦਰ ਸਿੰਘ ਕਾਹਨੇਕੇ ਅਤੇ ਭਾਈ ਅਵਤਾਰ ਸਿੰਘ ਗਿੱਲ ਨੇ ਸੰਤ ਤੇਜਾ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀਆਂ ਇਤਿਹਾਸਕ ਘਾਲਣਾਵਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਬੁਲਾਰਿਆਂ ਨੇ ਇਹ ਵੀ ਦੱਸਿਆ ਕਿ ਸੰਤ ਤੇਜਾ ਸਿੰਘ ਨੇ ਉੱਤਰੀ ਅਮਰੀਕਾ ਵਿੱਚ ਖਾਲਸਾ ਦੀਵਾਨ ਸੁਸਾਇਟੀਆਂ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਭਾਰਤੀਆਂ ਨੂੰ ਬ੍ਰਿਟਿਸ਼ ਹੋਂਡੂਰਸ ਭੇਜਣ ਦੀ ਯੋਜਨਾ ਨੂੰ ਅਸਫਲ ਬਣਾਉਣ ਲਈ ਸੰਘਰਸ਼ ਕੀਤਾ ਅਤੇ ਕੈਨੇਡਾ ਵਿੱਚ ਭਾਰਤੀਆਂ ਨੂੰ ਬਰਾਬਰੀ ਦੇ ਅਧਿਕਾਰ ਦਿਵਾਉਣ ਲਈ ਨਿਰੰਤਰ ਆਵਾਜ਼ ਬੁਲੰਦ ਕੀਤੀ। ਅਤੇ ਉਨ੍ਹਾਂ ਵੱਲੋਂ ਕੈਨੇਡਾ ਦੇ ਇਤਿਹ-ਾਸ ਵਿੱਚ ਪਹਿਲੇ ਅੰਮ੍ਰਿਤ ਸੰਚਾਰ ਅਤੇ ਪਹਿਲੇ ਨਗਰ ਕੀਰਤਨ ਦਾ ਆਯੋਜਨ ਕਰਕੇ ਸਿੱਖ ਇਤਿਹ-ਾਸ ਵਿੱਚ ਨਵੇਂ ਅਧਿਆਇ ਦੀ ਪਿਰਤ ਪਾਈ ਗਈ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਹੋਰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਾਲ 2027 ਵਿੱਚ ਸੰਤ ਤੇਜਾ ਸਿੰਘ ਜੀ ਦਾ 150ਵਾਂ ਜਨਮ ਦਿਨ ਵਿਸ਼ਵ ਪੱਧਰ 'ਤੇ ਮਨਾਏ ਜਾਣ ਦਾ ਫੈਸਲਾ ਵੀ ਕੀਤਾ ਗਿਆ ਹੈ।



**ਸਮਾਗਮ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਬੁਲਾਰੇ।**

# (ਡਿਪਰੈਸ਼ਨ ਵਿੱਚ ਜਾ ਕੇ ਗਲਤ ਕੰਮ ਨਾ ਕਰੋ)

ਗਲਤ ਕੰਮ ਕਰੋਗੇ ਗਲਤ ਨਤੀਜੇ ਮਿਲਣਗੇ। ਇਹ ਕੁਦਰਤ ਦਾ ਪੱਕਾ ਹੈ ਅਸੂਲ। ਅਕਾਲ ਪੁਰਖ ਨਾਲ ਜੁੜੋ, ਚੇਤਿਆਂ ਵਿੱਚ ਵਸਾਓ ਰਸੂਲ। ਡਿਪਰੈੱਸ਼ਨ ਆਉਂਦਾ, ਫਜ਼ੂਲ ਦੇ ਫ਼ਿਕਰਾਂ ਨਾਲ। ਚਲਦੇ ਰਹੋ, ਮਸਤ ਹਾਥੀ ਦੀ ਚਾਲ। ਤੁਹਾਡੀਆਂ ਕਰਨੀਆਂ ਨੇ, ਹੀ ਬਣਨਾ ਤੁਹਾਡੀ ਢਾਲ। ਵਿਹਲੜਾਂ ਦਾ ਆਖਰ ਨੂੰ ਹੁੰਦਾ ਬੁਰਾ ਹਾਲ। ਸਾਧਾਂ ਸੰਤਾਂ ਦੇ ਨੁਸਖੇ, ਪੁਰਾਣੇ ਸਮਿਆਂ ਵਿੱਚ, ਹੁੰਦੇ ਸੀ ਬਾਕਮਾਲ। ਪ੍ਰਮਾਤਮਾ ਹੀ ਇਹੋ ਜਿਹੀਂਆਂ ਮੁਸੀਬਤਾਂ ਵਿੱਚੋਂ ਕੱਢਕੇ ਕਰਦਾ ਨਿਹਾਲ।

ਅੰਗਰੇਜ਼ੀ ਸਿਸਟਮ ਦੀਆਂ ਦਵਾਈਆਂ, ਭਾਵੇਂ ਫੁਰਤੀਲਾ ਅਸਰ ਦਿਖਾਉਂਦੀਆਂ। ਪਰ ਲੰਬੇ ਸਮੇਂ ਵਿੱਚ ਨਕਾਰਾਤਮਕ ਨਤੀਜੇ ਲਿਆਉਂਦੀਆਂ। ਖਰਚੇ ਗਰੀਬ ਗੁਰਬੇ ਦੀ, ਪਹੁੰਚ ਤੋਂ ਬਾਹਰ ਹੁੰਦੇ , ਜੋ ਕੁਝ ਹੁੰਦਾ ਪੱਲੇ,ਖਾਲੀ ਕਰਕੇ ਖੀਸੇ, ਧਜੀਆਂ ਉਡਾਉਂਦੀਆਂ। ਆਯੁਰਵੇਦ ਸਿਸਟਮ ਦੇ ਵੈਦ ਹਕੀਮ, ਜੜੀਆਂ ਬੂਟੀਆਂ, ਮੱਲ੍ਹਮਾਂ ਨਾਲ ਕਰਦੇ ਸੀ ਇਲਾਜ, ਮੁਫ਼ਤ ਵਿੱਚ ਰਾਹੇ ਸੀ ਪਾਉਂਦੀਆਂ। ਹੋਮਿਓਪੈਥਿਕ ਇਲਾਜ ਸਭ ਤੋਂ ਉੱਤਮ, ਰੋਗਾਂ ਨੂੰ ਹੌਲੀ ਹੌਲੀ ਜੜ੍ਹ ਤੋਂ ਉਖਾੜਦਾ। ਮਨੁੱਖਤਾ ਦੇ ਭਲੇ ਲਈ, ਰਹੇ ਕੰਮ ਸੰਵਾਰਦਾ। "ਸਰਬ ਰੋਗ ਕਾ ਔਖਦੁ ਨਾਮੁ", ਸਾਰੇ ਰੋਗਾਂ ਦਾ ਇਲਾਜ ਹੈ ਰੱਬ ਦਾ ਨਾਮ। ਭਟਕਣਾਂ ਵਿੱਚ ਪਏ ਬੰਦਿਆਂ ਨੂੰ ਯਾਦ ਨਹੀਂ ਆਉਂਦਾ ਨਾਮ । ਸੱਚੇ ਸੰਤ ਜਿਹੜੇ ਮਨੁੱਖ ਨੂੰ, ਇਸ ਪਾਸੇ ਨੇ ਲਾਉਂਦੇ , ਪ੍ਰਭੂ ਆਪ ਉਨ੍ਹਾਂ ਦੀ ਇਜ਼ਤ ਨੇ ਬਚਾਉਂਦੇ। ਪੁਰਾਤਨ ਸਮਿਆਂ ਵਿੱਚ ਸਾਧੂ ਲੋਕ ਨਿਰਸਵਾਰਥ ਇਲਾਜ ਸਨ ਕਰਦੇ। ਸਿਧੇ ਰਾਹ ਪਾਉਣ ਲਈ, ਅਪਣਾ ਆਪ ਕੁਰਬਾਨ ਸਨ ਕਰਦੇ। ਡਿਪਰੈਸ਼ਨ ਅੱਜ ਕੱਲ ਦੀ, ਪੀੜ੍ਹੀ ਦਾ ਨਵਾਂ ਅਜੂਬਾ। ਨਵੀਂਆਂ ਨਵੀਂਆਂ ਬਿਮਾਰੀਆਂ, ਉੱਭਰਦਾ ਨਵਾਂ ਮਨਸੂਬਾ।







**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**



# ਬਰਸਾਤਾਂ ਵਿੱਚ ਪੰਜਾਬੀਆਂ ਦੇ ਰਵਾਇਤੀ ਖਾਣੇ

ਪੰਜਾਬੀਆਂ ਦੇ ਸ਼ੌਕ ਅਵੱਲੇ ਹੁੰਦੇ ਹਨ ਚਾਹੇ ਉਹਨਾਂ ਦੇ ਪਹਿਨਣ ਪਚਰਣ ਦੀ ਗੱਲ ਹੋਵੇ ਜਾਂ ਖਾਣ ਪੀਣ ਦੀ ਗੱਲ ਹੋਵੇ। ਉਹ ਆਪਣੀ ਜ਼ਿੰਦਗੀ ਖੁੱਲ੍ਹ ਕੇ ਜਿਉਣ ਦੇ ਸ਼ੌਕੀਨ ਹੁੰਦੇ ਹਨ। ਬੱਸ ਮੌਕਾ ਤੇ ਬਹਾਨਾ ਚਾਹੀਦਾ ਹੁੰਦਾ ਹੈ। ਪੰਜਾਬ ਦੀ ਧਰਤੀ ਆਪਣੀ ਖੇਤੀਬਾੜੀ, ਸੱਭਿਆਚਾਰ ਅਤੇ ਰਸੋਈ ਦੇ ਦੇਸੀ ਪਕਵਾਨਾਂ ਦੀ ਵਿਲੱਖਣ ਪਰੰਪਰਾ ਲਈ ਦੁਨੀਆਂ ਭਰ ਵਿੱਚ ਜਾਣੀ ਜਾਂਦੀ ਹੈ। ਦੁਨੀਆਂ ਦੇ ਕਿਸੇ ਕੋਨੇ ਵਿੱਚ ਜਾ ਕੇ ਦੇਖ ਲਓ, ਤੁਹਾਨੂੰ ਕਿਸੇ ਨਾ ਕਿਸੇ ਨਾਂ ਹੇਠ "ਪੰਜਾਬੀ ਢਾਬਾ" ਜ਼ਰੂਰ ਮਿਲ ਹੀ ਜਾਵੇਗਾ। ਪੰਜਾਬ ਦੀ ਜਰਖੇਜ਼ ਜ਼ਮੀਨ ਹੋਣ ਦੇ ਨਾਲ ਨਾਲ ਇੱਥੋਂ ਦੇ ਵੱਖ ਵੱਖ ਮੌਸਮ ਵੀ ਪੰਜਾਬੀਆਂ ਨੂੰ ਹਰ ਪੱਖੋਂ ਮਜ਼ਬੂਤ ਬਣਾਉਂਦੇ ਹਨ। ਇੱਥੋਂ ਦਾ ਹਰ ਮੌਸਮ ਆਪਣੇ ਨਾਲ ਵੱਖ-ਵੱਖ ਸੁਆਦ ਅਤੇ ਪਕਵਾਨ ਲੈ ਕੇ ਆਉਂਦਾ ਹੈ। ਜਿਵੇਂ ਸਰਦੀਆਂ ਵਿੱਚ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਦੀ ਮਹਿਕ ਮਨ ਨੂੰ ਮੋਹ ਲੈਂਦੀ ਹੈ, ਉਸੇ ਤਰ੍ਹਾਂ ਬਰਸਾਤਾਂ ਦਾ ਮੌਸਮ ਵੀ ਪੰਜਾਬੀਆਂ ਦੇ ਜੀਵਨ ਨੂੰ ਨਵੇਂ ਰੰਗਾਂ ਅਤੇ ਸੁਆਦਾਂ ਨਾਲ ਭਰ ਦਿੰਦਾ ਹੈ। ਮੀਂਹ ਦੀਆਂ ਫੁਹਾਰਾਂ, ਮਿੱਟੀ ਦੀ ਖੁਸ਼ਬੂ ਅਤੇ ਪਰਿਵਾਰ ਨਾਲ ਬੈਠ ਕੇ ਖਾਧੇ ਜਾਣ ਵਾਲੇ ਰਵਾਇਤੀ ਪਕਵਾਨ ਪੰਜਾਬੀ ਜੀਵਨ ਦਾ ਅਟੁੱਟ ਹਿੱਸਾ ਹਨ।ਇਹ ਸਭ ਕੁਝ ਪੰਜਾਬੀਆਂ ਦੇ ਹਿੱਸੇ ਹੀ ਆਇਆ ਹੈ।

ਜੇਠ ਹਾੜ ਦੀ ਅੱਤ ਦੀ ਗਰਮੀ ਤੇ ਲੂਸੀ ਹੋਈ ਧਰਤੀ ਉੱਤੇ ਜਦੋਂ ਬਰਸਾਤ ਸ਼ੁਰੂ ਹੁੰਦੇ ਹੀ ਸਰੀਰਕ ਠੰਢਕ ਦੇ ਨਾਲ ਨਾਲ ਮਨ ਵਿੱਚ ਇੱਕ ਵੱਖਰਾ ਜਿਹਾ ਖਿੜਾਓ ਪੈਦਾ ਹੁੰਦੇ ਹੀ ਸਭ ਤੋਂ ਪਹਿਲਾਂ ਗਰਮਾ-ਗਰਮ ਪਕੌੜੇ ਯਾਦ ਆਉਂਦੇ ਹਨ। ਪਿਆਜ਼, ਆਲੂ, ਪਾਲਕ, ਗੋਭੀ ਜਾਂ ਹਰੀਆਂ ਮਿਰਚਾਂ ਦੇ ਪਕੌੜੇ ਚਾਹ ਦੇ ਕੱਪ ਨਾਲ ਮਿਲ ਕੇ ਮੀਂਹ ਦਾ ਆਨੰਦ ਦੁੱਗੁਣਾ ਕਰ ਦਿੰਦੇ ਹਨ। ਪਿੰਡਾਂ ਵਿੱਚ ਘਰਾਂ ਦੀਆਂ ਰਸੋਈਆਂ ਵਿੱਚ ਪਕੌੜਿਆਂ ਦੀ ਖੁਸ਼ਬੂ ਪੂਰੇ ਵਿਹੜੇ ਨੂੰ ਮਹਿਕਾ ਦਿੰਦੀ ਹੈ। ਇਸ ਤੋਂ ਇਲਾਵਾ ਕੜੀ-ਚਾਵਲ ਪੰਜਾਬੀਆਂ ਦਾ ਬਹੁਤ ਹੀ ਪਸੰਦੀਦਾ ਬਰਸਾਤੀ ਭੋਜਨ ਹੈ। ਖੱਟੀ ਕੜੀ ਵਿੱਚ ਨਰਮ ਪਕੌੜੇ ਅਤੇ ਗਰਮ-ਗਰਮ ਚਾਵਲ ਮੀਂਹ ਦੇ ਮੌਸਮ ਨੂੰ ਹੋਰ ਵੀ ਸੁਆਦਲਾ ਬਣਾ ਦਿੰਦੇ ਹਨ।

ਬਰਸਾਤ ਦੇ ਮੌਸਮ ਵਿੱਚ ਛੱਲੀਆਂ ਭੁੰਨ ਕੇ ਖਾਣ ਦੀ ਰੀਤ ਵੀ ਬਹੁਤ ਪੁਰਾਣੀ ਹੈ। ਕੋਲਿਆਂ ਉੱਤੇ ਭੁੰਨੀਆਂ ਹੋਈਆਂ ਛੱਲੀਆਂ ਉੱਤੇ ਨਿੰਬੂ ਅਤੇ ਨਮਕ-ਮਿਰਚ ਲਾ ਕੇ ਖਾਣ ਦਾ



ਸੁਆਦ ਹਰ ਪੰਜਾਬੀ ਦੇ ਮਨ ਵਿੱਚ ਵੱਸਿਆ ਹੋਇਆ ਹੈ। ਇਸੇ ਤਰ੍ਹਾਂ ਉਬਲੇ ਹੋਏ ਕਾਲ਼ੇ ਛੋਲੇ ਅਤੇ ਮਸਾਲੇ-ਦਾਰ ਚਾਟ ਵੀ ਇਸ ਮੌਸਮ ਦੀਆਂ ਮਨਪਸੰਦ ਚੀਜ਼ਾਂ ਹਨ।

ਮੀਂਹ ਦੇ ਦਿਨਾਂ ਵਿੱਚ ਸਭ ਤੋਂ ਖ਼ਾਸ ਲਜ਼ੀਜ਼ ਪਕਵਾਨ ਜੇ ਹੈ ਤਾਂ ਉਹ ਹਨ ਖੀਰ ਤੇ ਮਾਲ੍ਹਪੂੜੇ ਘਰਾਂ ਵਿੱਚ ਖੀਰ, ਮਾਲ੍ਹਪੂੜੇ, ਪੂੜੇ, ਮੀਠੇ ਚਾਵਲ ਅਤੇ ਹਲਵਾ ਵੀ ਬਣਾਏ ਜਾਂਦੇ ਹਨ। ਅੱਜ ਕੱਲ੍ਹ ਤਾਂ ਪੰਜਾਬੀ ਲੋਕ ਖੀਰ ਮਾਲ੍ਹ ਪੂੜਿਆਂ ਦਾ ਖ਼ਾਸ ਤੌਰ ਤੇ ਲੰਗਰ ਵੀ ਲਗਾਉਣ ਲੱਗ ਪਏ ਹਨ। ਇਹ ਬਰਸਾਤਾਂ ਦੇ ਮੌਸਮ ਦਾ ਸਭ ਤੋਂ ਖ਼ਾਸ ਤੇ ਸਵਾਦਲਾ ਪਕਵਾਨ ਹੈ। ਬਰਸਾਤਾਂ ਹੁੰਦੀ ਹੋਵੇ ਤੇ ਠੰਢੀਆਂ ਠੰਢੀਆਂ ਕਣੀਆਂ ਦਾ ਆਨੰਦ ਲੈਂਦੇ ਹੋਏ ਅੰਬ ਨਾ ਚੂਪੇ ਜਾਣ ਤਾਂ ਮੀਂਹ ਦੀਆਂ ਠੰਡੀਆਂ ਠੰਡੀਆਂ ਬੁਛਾੜਾਂ ਦਾ ਆਨੰਦ ਅਧੂਰਾ ਰਹਿ ਜਾਂਦਾ ਹੈ।

ਬਰਸਾਤ ਸਿਰਫ਼ ਖਾਣ-ਪੀਣ ਦਾ ਹੀ ਨਹੀਂ, ਸਾਂਝ ਅਤੇ ਆਪਣੇਪਣ ਦਾ ਵੀ ਮੌਸਮ ਹੈ। ਪਹਿਲਾਂ ਜਦੋਂ ਮੀਂਹ ਪੈਂਦਾ ਸੀ ਤਾਂ ਪਰਿਵਾਰ ਦੇ ਸਾਰੇ ਮੈਂਬਰ ਇੱਕਠੇ ਬੈਠ ਕੇ ਚਾਹ ਪੀਂਦੇ, ਪਕੌੜੇ ਖਾਂਦੇ ਅਤੇ ਗੱਲਾਂ-ਬਾਤਾਂ ਦਾ ਆਨੰਦ ਮਾਣਦੇ ਸਨ। ਇਹ ਪਰੰਪਰਾ ਰਿਸ਼ਤਿਆਂ ਨੂੰ ਹੋਰ ਵੀ ਮਜ਼ਬੂਤ ਕਰਦੀ ਸੀ। ਅੱਜ ਭਾਵੇਂ ਫਾਸਟ ਫੂਡ ਦਾ ਰੁਝਾਨ ਵਧ ਗਿਆ ਹੈ, ਪਰ ਰਵਾਇਤੀ ਪੰਜਾਬੀ ਪਕਵਾਨਾਂ ਦਾ ਸੁਆਦ ਅਤੇ ਮਹੱਤਵ ਅਜੇ ਵੀ ਕਾਇਮ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀ ਰਵਾਇਤੀ ਭੋਜਨਾਂ ਨੂੰ ਸੰਭਾਲੀਏ ਅਤੇ ਨਵੀਂ ਪੀੜ੍ਹੀ ਨੂੰ ਵੀ ਇਸ ਨਾਲ ਜੋੜੀਏ। ਘਰ ਵਿੱਚ ਬਣੇ ਤਾਜ਼ੇ ਅਤੇ ਪੌਸ਼ਟਿਕ ਭੋਜਨ ਨਾ ਸਿਰਫ਼ ਸਾਡੀ ਸਿਹਤ ਲਈ ਲਾਭਦਾਇਕ ਹਨ, ਸਗੋਂ ਇਹ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਵੀ ਜੀਵੰਤ ਰੱਖਦੇ ਹਨ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਬਰਸਾਤਾਂ ਵਿੱਚ ਪੰਜਾਬੀਆਂ ਦੇ ਰਵਾਇਤੀ ਖਾਣੇ ਕੇਵਲ ਭੁੱਖ ਮਿਟ-ਉਣ ਦਾ ਸਾਧਨ ਨਹੀਂ, ਸਗੋਂ ਸੱਭਿਆਚਾਰ, ਪਰਿਵਾਰਕ ਸਾਂਝ ਅਤੇ ਕੁਦਰਤ ਨਾਲ ਜੁੜੇ ਜੀਵਨ ਦਾ ਸੁੰਦਰ ਪ੍ਰਤੀਕ ਹਨ। ਮੀਂਹ ਦੀ ਹਰ ਬੂੰਦ ਨਾਲ ਇਨ੍ਹਾਂ ਪਕਵਾਨਾਂ ਦਾ ਸੁਆਦ ਹੋਰ ਵੀ ਨਿਖਰ ਜਾਂਦਾ ਹੈ ਅਤੇ ਪੰਜਾਬੀ ਜੀਵਨ ਦੀ ਮਿਠਾਸ ਨੂੰ ਹੋਰ ਗੂੜ੍ਹਾ ਕਰ ਦਿੰਦਾ ਹੈ।



ਬਰਜਿੰਦਰ ਕੌਰ ਬਿਸਰਾਓ...

# ਭਾਰਤ 'ਚ ਸਿਜ਼ੇਰੀਅਨ ਜਣੇਪੇ ਬਨਾਮ ਸਿਹਤ ਸੇਵਾਵਾਂ ਦਾ ਸਵਾਲ

ਭਾਰਤ ਵਿਚ ਸਿਹਤ ਸੇਵਾਵਾਂ ਦੇ ਤੇਜ਼ੀ ਨਾਲ ਹੋਏ ਨਿੱਜੀਕਰਨ ਨੇ ਭਾਵੇਂ ਆਧੁਨਿਕ ਇਲਾਜ ਦੀ ਪਹੁੰਚ ਵਧਾਈ ਹੈ ਪਰ ਦੂਜੇ ਪਾਸੇ ਇਲਾਜ ਦੇ ਵਪਾਰੀਕਰਨ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਖ਼ਾਸਕਰ ਗਰਭਵਤੀ ਔਰਤ ਦੇ ਸਿਜ਼ੇਰੀਅਨ ਜਣੇਪਿਆਂ ਦੀ ਲਗਾਤਾਰ ਵੱਧ ਰਹੀ ਦਰ ਅਜਿਹਾ ਵਰਤਾਰਾ ਹੈ, ਜਿਸ ਨੇ ਸਿਹਤ ਮਾਹਿਰਾਂ, ਖੋਜਕਾਰਾਂ ਅਤੇ ਸਮਾਜ ਦੇ ਫ਼ਿਕਰਮੰਦਾਂ ਦਾ ਧਿਆਨ ਖਿੱਚਿਆ ਹੋਇਆ ਹੈ।

ਦੇਸ਼ ਦੇ ਅਨੇਕਾਂ ਪਰਿਵਾਰਾਂ ਦੇ ਤਲਖ਼ ਤਜਰਬੇ ਮਿਲਦੇ-ਜੁਲਦੇ ਹਨ। ਗਰਭਕਾਲ ਦੌਰਾਨ ਸਾਰੇ ਟੈਸਟ ਨਾਰਮਲ ਹੋਣ ਦੇ ਬਾਵਜੂਦ, ਜਣੇਪੇ ਵੇਲੇ ਸਰਕਾਰੀ ਹਸਪਤਾਲਾਂ ਵਿਚ ਸਟਾਫ਼ ਜਾਂ ਸਹੂਲਤਾਂ ਦੀ ਥੁੜ੍ਹ ਕਾਰਨ ਪਰਿਵਾਰਾਂ ਨੂੰ ਨਿੱਜੀ ਹਸਪਤਾਲਾਂ ਦਾ ਰੁਖ਼ ਕਰਨਾ ਪੈਂਦਾ ਹੈ। ਉੱਥੇ ਪੁੱਜ ਕੇ ਇਲਾਜ ਸਬੰਧੀ ਕਾਰਵਾਈ, ਦਸਤਾਵੇਜ਼ੀ ਰਸਮਾਂ ਅਤੇ ਭਾਰੀ ਬਿੱਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਤਲਖ਼ ਤਜਰਬੇ ਇਹ ਸਵਾਲ ਪੁੱਛਣ ਲਈ ਮਜਬੂਰ ਕਰਦੇ ਨੇ: ਕੀ ਸਿਹਤ ਸੇਵਾਵਾਂ ਮਰੀਜ਼ ਦੀ ਜ਼ਰੂਰਤ ਅਨੁਸਾਰ ਚੱਲ ਰਹੀਆਂ ਹਨ, ਜਾਂ ਬਾਜ਼ਾਰੀ ਮਾਡਲ ਮੁਤਾਬਕ ਖੇਡ, ਖੇਡੀ ਜਾ ਰਹੀ ਹੈ?

ਬਿਨਾਂ ਸ਼ੱਕ, ਸਿਜ਼ੇਰੀਅਨ ਆਪ੍ਰੇਸ਼ਨ ਆਪਣੇ ਆਪ ਵਿਚ ਗ਼ਲਤ ਪ੍ਰਕਿਰਿਆ ਨਹੀਂ। ਅਸੀਂ ਭਲੀਭਾਂਤ ਸਮਝਦੇ ਹਾਂ ਕਿ ਜਦੋਂ ਮਾਂ ਜਾਂ ਬੱਚੇ ਦੀ ਜਾਨ ਨੂੰ ਖ਼ਤਰਾ ਹੋਵੇ, ਤਾਂ ਇਹ 'ਸੀ- ਸੈਕਸ਼ਨ ਜਣੇਪੇ' ਜਾਨ ਬਚਾਉਣ ਵਾਲੀ ਮੈਡੀਕਲ ਤਕਨੀਕ ਹੈ। ਅਸਲੀ ਚਿੰਤਾ ਉਦੋਂ ਹੁੰਦੀ ਹੈ ਜਦੋਂ ਇਸ ਦੀ ਵਰਤੋਂ ਹਕੀਕੀ ਜ਼ਰੂਰਤ ਨਾਲੋਂ ਵੱਧ ਹੋਣ ਲੱਗ ਪੈਂਦੀ ਹੈ।

ਕੌਮੀ ਪਰਿਵਾਰ ਸਿਹਤ ਸਰਵੇਖਣ (ਐਨ. ਐਫ. ਐਚ. ਐਸ.-5, 2019-21) ਦੇ ਅੰਕੜਿਆਂ ਨੇ ਦਰਸਾਇਆ ਹੈ ਕਿ ਭਾਰਤ ਵਿਚ ਸਿਜ਼ੇਰੀਅਨ ਜਣੇਪਿਆਂ ਦੀ ਦਰ 21.5% ਤੱਕ ਪਹੁੰਚ ਗਈ ਹੈ, ਜੋ ਆਲਮੀ ਸਿਹਤ ਸੰਸਥਾ ਵੱਲੋਂ ਸੁਝਾਈ ਗਈ 10-15% ਹੱਦ ਤੋਂ ਕਾਫ਼ੀ ਵੱਧ ਹੈ। ਕੁਝ ਸੂਬਿਆਂ ਅਤੇ ਨਿੱਜੀ ਹਸਪਤਾਲਾਂ ਵਿਚ ਇਹ ਦਰ 50-60 ਫ਼ੀਸਦ ਤੱਕ ਚਲੀ ਜਾਂਦੀ ਹੈ। ਜੰਮਣ -ਪੀੜਾਂ ਦਾ ਡਰ, ਜਣੇਪੇ ਦਾ ਸਮਾਂ ਪਹਿਲਾਂ ਤੈਅ ਕਰਨ ਦੀ ਸਹੂਲਤ, ਹਸਪਤਾਲ ਇੰਤਜ਼ਾਮ ਦੀਆਂ ਲੋੜਾਂ, ਮਰੀਜ਼ਾਂ ਦੀ ਪਸੰਦ — ਸਾਰੇ ਕਾਰਕ ਇਸ ਰੁਝਾਨ ਨੂੰ ਪ੍ਰਭਾਵਤ ਕਰਦੇ ਹਨ।

ਸਿਜ਼ੇਰੀਅਨ ਵਰਤਾਰੇ ਵਿਚ ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਅਮੀਰ-ਗ਼ਰੀਬ ਵਰਗਾਂ ਵਿਚ ਅਤੇ ਸਰਕਾਰੀ-ਨਿੱਜੀ ਹਸਪਤਾਲਾਂ ਵਿਚ ਸਿਜ਼ੇਰੀਅਨ ਜਣੇਪਿਆਂ ਦੀ ਦਰ ਵਿਚ ਵੱਡਾ ਫ਼ਰਕ ਹੈ। ਐਨ. ਐਫ. ਐਚ. ਐਸ.-5 ਮੁਤਾਬਕ ਨਿੱਜੀ ਹਸਪਤਾਲਾਂ ਵਿਚ 47.4 ਫ਼ੀਸਦ ਜਦਕਿ ਸਰਕਾਰੀ 'ਚ 14.3 ਫ਼ੀਸਦ ਹੈ। ਇਹ ਇਸ਼ਾਰਾ ਹੈ ਕਿ ਮੈਡੀਕਲ ਜ਼ਰੂਰਤ ਤੋਂ ਇਲ-ਾਵਾ 'ਹੋਰ ਕਾਰਕ' ਵੀ ਫ਼ੈਸਲਿਆਂ ਨੂੰ ਪ੍ਰਭਾਵਤ ਕਰ ਰਹੇ ਹਨ।

ਭਾਰਤ ਇਸ ਵੇਲੇ ਦੋਹਰੀ ਚੁਣੌਤੀ ਝੱਲ ਰਿਹਾ ਹੈ: ਇਕ ਪਾਸੇ ਦੂਰ-ਦੁਰਾਡੇ ਦੀਆਂ ਗਰਭਵਤੀ ਔਰਤਾਂ ਨੂੰ ਫ਼ੌਰੀ ਲੋੜ ਹੋਣ ਦੇ ਬਾਵਜੂਦ ਵੇਲੇ ਸਿਰ ਸਿਜ਼ੇਰੀਅਨ ਸਹੂਲਤ ਨਹੀਂ ਮਿਲਦੀ, ਦੂਜੇ ਪਾਸੇ ਨਿੱਜੀ ਖੇਤਰ ਵਿਚ ਇਸ ਦੀ ਗ਼ੈਰ-ਜ਼ਰੂਰੀ ਵਰਤੋਂ 'ਤੇ ਸਵਾਲ ਉੱਠਦੇ ਹਨ।

ਆਲਮੀ ਸਿਹਤ ਸੰਸਥਾ (ਡਬਲਿਊ.ਐਚ.ਓ) ਅਤੇ ਸੰਸਾਰ-ਵਿਆਪੀ ਅਧਿਐਨ ਚਿਤਾਵਨੀ ਦਿੰਦੇ ਹਨ ਕਿ ਗੈਰ-ਜ਼ਰੂਰੀ ਸਿਜ਼ੇਰੀਅਨ ਆਪ੍ਰੇਸ਼ਨ ਜ਼ੱਚਾ ਅਤੇ ਬੱਚਾ, ਦੋਵਾਂ ਲਈ ਲੰਮੇ ਸਮੇਂ ਦੇ ਖ਼ਤਰਿਆਂ ਨਾਲ ਜੁੜੇ ਹੋ ਸਕਦੇ ਹਨ। ਅਗਲੇ ਗਰਭਕਾਲ ਦੌਰਾਨ ਬੱਚੇਦਾਨੀ ਫਟਣ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਜਿੱਥੇ ਤੀਬਰ ਜ਼ਰੂਰਤ ਹੋਵੇ ਉੱਥੇ ਸਿਜ਼ੇਰੀਅਨ ਦੀ ਸਹੂਲਤ ਯਕੀਨੀ ਬਣਾਉਣੀ ਤੇ ਜਿੱਥੇ ਲੋੜ ਨਾ ਹੋਵੇ ਉੱਥੇ ਇਸ ਨੂੰ ਸੀਮਤ ਕਰਨਾ — ਦੋਵੇਂ ਬਰਾਬਰ ਅਹਿਮ ਹਨ।

ਇਸ ਸੁਲੇਖ ਦਾ ਕੇਂਦਰ ਵਪਾਰਕ ਡਾਕਟਰਾਂ ਦੇ ਗਰੁੱਪ ਨੂੰ ਜਾਂ ਨਿੱਜੀ ਮਾਲਕੀ ਵਾਲੇ ਹਸਪਤਾਲਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਨਹੀਂ, ਸਗੋਂ ਸਿਹਤ ਪ੍ਰਣਾਲੀ ਦੀ ਜਵਾਬਦੇਹੀ ਦੀ ਮੰਗ ਕਰਨਾ ਹੈ। ਸਰਕਾਰੀ ਹਸਪਤਾਲਾਂ ਵਿਚ ਮਨੁੱਖੀ ਵਸੀਲਿਆਂ ਦੀ ਥੁੜ੍ਹ ਦੂਰ ਕਰਨੀ, ਨਿੱਜੀ ਹਸਪਤਾਲਾਂ ਦੇ ਫ਼ੈਸਲਿਆਂ ਅਤੇ ਬਿੱਲਾਂ ਵਿਚ ਪਾਰਦਰਸ਼ਤਾ ਲਿਆਉਣੀ ਅਤੇ ਹਰ ਸਿਜ਼ੇਰੀਅਨ ਆਪ੍ਰੇਸ਼ਨ ਦੀ ਮੈਡੀਕਲ ਜਾਇਜ਼ਗੀ ਦਾ ਰਿਕਾਰਡ ਰੱਖਣਾ ਸਮੇਂ ਦੀ ਲੋੜ ਹੈ।

ਸਵਾਲ ਜਣੇਪੇ ਦੇ ਢੰਗ ਦਾ ਨਹੀਂ, ਸਗੋਂ ਉਸ ਪ੍ਰਣਾਲੀ ਦਾ ਹੈ ਜਿਸ 'ਤੇ ਇਕ ਗਰਭਵਤੀ ਨੇ ਮਾਂ ਬਣਨ ਦਾ ਅਮਲ ਹੰਢਾਉਣਾ ਹੈ। ਜੇ ਸਿਹਤ ਸੇਵਾਵਾਂ ਦਾ ਮਕਸਦ ਲੋਕਾਈ ਦੀ ਭਲਾਈ ਹੈ, ਤਾਂ ਹਰ ਫ਼ੈਸਲਾ ਮਰੀਜ਼ ਦੇ ਹਿੱਤ ਵਿਚ ਸਬੂਤ-ਅਧਾਰਤ ਅਤੇ ਪੂਰੀ ਪਾਰਦਰਸ਼ਤਾ ਨਾਲ ਹੋਣਾ ਚਾਹੀਦਾ ਹੈ। ਨਹੀਂ ਤਾਂ ਸਿਜ਼ੇਰੀਅਨ ਜਣੇਪਿਆਂ ਦੀ ਵਧਦੀ ਦਰ ਨਾਲ ਜੁੜੇ ਸਵਾਲ ਹੋਰ ਸੰਜੀਦਾ ਹੁੰਦੇ ਜਾਣਗੇ।

ਹੁਕਮਰਾਨ ਚਾਹੁਣ ਤਾਂ ਕੀ ਨਹੀਂ ਹੋ ਸਕਦਾ:

ਸਰਕਾਰੀ ਬਨਾਮ ਨਿੱਜੀ ਸਿਹਤ ਪ੍ਰਣਾਲੀ ਦਾ ਪਾੜਾ ਇਸ ਮਸਲੇ ਦੀ ਜੜ੍ਹ ਹੈ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ ਤੇ ਨਰਸਾਂ ਦੀ ਥੁੜ੍ਹ ਹੋਣ ਬਾਰੇ ਲਗਾਤਾਰ ਸ਼ਿਕਾਇਤਾਂ ਮਿਲਦੀਆਂ ਹਨ। ਦੂਜੇ ਪਾਸੇ ਨਿੱਜੀ ਹਸਪਤਾਲਾਂ 'ਤੇ ਵੱਧ ਖ਼ਰਚਾ ਵਸੂਲਣ ਦੇ ਦੋਸ਼ ਲੱਗਦੇ ਹਨ। ਇਸ ਮਾਰ ਦਾ ਸਭ ਤੋਂ ਵੱਧ ਸ਼ਿਕਾਰ ਆਮ ਵਿੱਤੀ ਹੈਸੀਅਤ ਵਾਲਾ ਮਰੀਜ਼ ਬਣਦਾ ਹੈ ਜਾਂ ਉਸ ਦੇ ਸੰਭਾਲਕਾਰ ਬਣਦੇ ਹਨ।

ਮੈਡੀਕਲ ਵਿਗਿਆਨੀਆਂ ਦਾ ਕਹਿਣਾ ਹੈ ਕਿ ਸਿਹਤ ਸੇਵਾਵਾਂ ਦਾ ਮਕਸਦ ਮਰੀਜ਼ ਦੀ ਭਲਾਈ ਹੋਣਾ ਚਾਹੀਦਾ ਹੈ, ਨਾ ਕਿ ਉਸ ਦੀ ਮਜਬੂਰੀ ਦਾ ਲਾਭ ਲੈਣਾ। ਇਸ ਲਈ ਅਣਸਰਦੀ ਲੋੜ ਹੈ: ਹਰ ਸਿਜ਼ੇਰੀਅਨ ਦੇ ਫ਼ੈਸਲੇ ਦੀ ਜਾਇਜ਼ਗੀ ਸਪੱਸ਼ਟ ਕੀਤੀ ਜਾਵੇ, ਮਰੀਜ਼ ਤੇ ਵਾਰਿਸ ਪਰਿਵਾਰ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ, ਹਸਪਤਾਲ ਦੇ ਬਿੱਲਾਂ ਵਿਚ ਪਾਰਦਰਸ਼ਤਾ ਆਵੇ ਅਤੇ ਜਣੇਪਾ ਸੇਵਾਵਾਂ ਦੀ ਨਿਯਮਤ ਨਿਗਰਾਨੀ ਹੋਵੇ।

ਸਾਡਾ ਸਿਆਸੀ ਸੰਤਾਪ ਇਹ ਹੈ ਕਿ ਬਦਲਾਅ ਦੀਆਂ ਰੈਲੀਆਂ ਕਰਨ ਵਾਲੇ ਸਿਆਸਤਦਾਨ, ਜਦੋਂ ਸਰਕਾਰ ਬਣਾ ਲੈਂਦੇ ਹਨ, ਤਾਂ ਨਿੱਜੀ-ਸਤ੍ਹੀ ਬਦਲਾਅ ਤੋਂ ਬਾਹਰ ਨਹੀਂ ਆਉਂਦੇ। ਹਾਕਮ ਬਦਲਦੇ ਰਹਿੰਦੇ ਹਨ। ਇਸੇ ਲਈ ਲੋਕਾਈ-ਪੱਖੀ ਬਦਲਾਅ ਸਿਰਫ਼ ਮੁੰਗੇਰੀ ਲਾਲ ਦਾ ਹਸੀਨ ਸੁਪਨਾ ਬਣ ਕੇ ਰਹਿ ਜਾਂਦਾ ਹੈ।

**ਜਵਾਬ ਮੰਗਦੇ ਸਵਾਲ:**

ਜੇ ਸਿਜ਼ੇਰੀਅਨ ਜਣੇਪਿਆਂ ਦੀ ਦਰ ਲਗਾਤਾਰ ਵਧ ਰਹੀ ਹੈ ਤਾਂ ਇਸ ਦੇ ਕਾਰਨਾਂ ਦੀ ਸੁਤੰਤਰ ਜਾਂਚ ਕਿਉਂ ਨਹੀਂ ਹੁੰਦੀ? ਨਿੱਜੀ ਹਸਪਤਾਲਾਂ ਦੇ ਫ਼ੈਸਲਿਆਂ ਅਤੇ ਬਿੱਲਾਂ ਦੀ ਕਰੜੀ ਨਿਗਰਾਨੀ ਕਿਉਂ ਨਹੀਂ ਹੁੰਦੀ? ਸਰਕਾਰੀ ਹਸਪਤਾਲਾਂ ਵਿਚ ਅਮਲੇ ਫੈਲੇ ਤੇ ਸਹੂਲਤਾਂ ਦੀ ਥੁੜ੍ਹ ਕਦੋਂ ਦੂਰ ਹੋਵੇਗੀ? ਸਭ ਤੋਂ ਵੱਡਾ ਸਵਾਲ — ਕੀ ਹਰ ਗਰਭਵਤੀ ਔਰਤ ਨੂੰ ਸੱਚਮੁੱਚ ਸਿਜ਼ੇਰੀਅਨ ਆਪ੍ਰੇਸ਼ਨ ਦੀ ਲੋੜ ਹੁੰਦੀ ਹੈ... ਜਾਂ ਖ਼ਾਹਮਖ਼ਾਹ ਟੀਚਾ ਪੂਰਤੀ ਹੁੰਦੀ ਹੈ?

ਜਦੋਂ ਤੱਕ ਇਨ੍ਹਾਂ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਨਹੀਂ ਮਿਲਦੇ, ਉਦੋਂ ਤੱਕ ਸਿਜ਼ੇਰੀਅਨ ਜਣੇਪਿਆਂ ਦੀ ਵਧਦੀ ਦਰ ਅਤੇ ਸਿਹਤ ਸੇਵਾਵਾਂ ਦੇ ਵਪਾਰੀਕਰਨ ਬਾਰੇ ਬਹਿਸ ਜਾਰੀ ਰਹੇਗੀ। ਕੋਈ ਸ਼ੱਕ?

ਯਾਦਵਿੰਦਰ ਵਾਹਦ, ਸਰੂਪ ਨਗਰ, ਰਾਓਵਾਲੀ, ਦੋਆਬਾ।
6284336773

# ਸਿੱਖਿਆ ਦੇ ਖੇਤਰ ਵਿੱਚ ਨਵਾਂ ਇਨਕਲਾਬ: ਦੇਸ਼ ਲਈ ਵਿਲੱਖਣ ਮਿਸਾਲ ਬਣ ਰਹੇ ਹਨ ਪੰਜਾਬ ਦੇ ਸਰਕਾਰੀ ਸਕੂਲ

ਕਿਸੇ ਵੀ ਖੇਤਰ, ਸਮਾਜ ਜਾਂ ਦੇਸ਼ ਦੀ ਤਰੱਕੀ ਦਾ ਮੁੱਖ ਆਧਾਰ ਉਸ ਦੀ ਸਿੱਖਿਆ ਪ੍ਰਣਾਲੀ ਹੁੰਦੀ ਹੈ। ਸਿੱਖਿਆ ਹੀ ਉਹ ਹਥਿਆਰ ਹੈ ਜੋ ਗ਼ਰੀਬੀ, ਅਗਿਆਨਤਾ ਅਤੇ ਸਮਾਜਿਕ ਨਾਬਰਾਬਰੀ ਨੂੰ ਜੜ੍ਹੋਂ ਖ਼ਤਮ ਕਰ ਸਕਦਾ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਆਇਆ ਗੁਣਾਤਮਕ, ਪ੍ਰਬੰਧਕੀ ਅਤੇ ਰੂਪਾਤਮਕ ਬਦਲਾਅ ਨਾ ਸਿਰਫ਼ ਸੂਬੇ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਲਿਖ ਰਿਹਾ ਹੈ, ਸਗੋਂ ਸਮੁੱਚੇ ਭਾਰਤ ਲਈ ਇੱਕ ਅਜਿਹੀ ਵਿਲੱਖਣ ਉਦਾਹਰਣ ਬਣ ਕੇ ਉੱਭਰਿਆ ਹੈ ਜਿਸ ਦੀ ਚਰਚਾ ਦੇਸ਼ ਦੇ ਕੋਨੇ-ਕੋਨੇ ਵਿੱਚ ਹੋ ਰਹੀ ਹੈ। ਇੱਕ ਦੌਰ ਅਜਿਹਾ ਸੀ ਜਦੋਂ ਸਰਕਾਰੀ ਸਕੂਲ ਬੁਨਿਆਦੀ ਸਹੂਲਤਾਂ ਦੀ ਘਾਟ, ਟੁੱਟੀਆਂ ਇਮਾਰਤਾਂ, ਅਧਿਆਪਕਾਂ ਦੀ ਕਮੀ ਅਤੇ ਘਟ ਰਹੀ ਵਿਦਿਆਰਥੀਆਂ ਦੀ ਗਿਣਤੀ ਕਾਰਨ ਨਿਰਾਸ਼ਾ ਦਾ ਪ੍ਰਤੀਕ ਬਣ ਚੁੱਕੇ ਸਨ। ਪਰ ਅੱਜ ਪੰਜਾਬ ਦੇ ਸਰਕਾਰੀ ਸਕੂਲ ਮਹਿੰਗੇ ਪ੍ਰਾਈਵੇਟ ਅਦਾਰਿਆਂ ਨੂੰ ਪਛਾੜ ਕੇ ਆਧੁਨਿਕਤਾ, ਮਿਆਰੀ ਸਿੱਖਿਆ ਅਤੇ ਸ਼ਾਨਦਾਰ ਨਤੀਜਿਆਂ ਦੇ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੇ ਹਨ।ਪੰਜਾਬ ਦੇ ਸਰਕਾਰੀ ਸਕੂਲਾਂ ਦੇ ਇਸ ਬੇਮਿਸਾਲ ਕਾਇਆ-ਕਲਪ ਦੇ ਕਈ ਅਹਿਮ ਪਹਿਲੂ ਹਨ, ਜਿਨ੍ਹਾਂ ਨੂੰ ਵਿਸਥਾਰ ਵਿੱਚ ਸਮਝਣਾ ਬਹੁਤ ਜ਼ਰੂਰੀ ਹੈ:

ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਅਤੇ ਸਕੂਲਾਂ ਦੀ ਨਵੀਂ ਦਿੱਖ .. ਸਭ ਤੋਂ ਪਹਿਲਾ ਅਤੇ ਪ੍ਰਤੱਖ ਬਦਲਾਅ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਦੇਖਣ ਨੂੰ ਮਿਲਿਆ ਹੈ। ਸਰਕਾਰੀ ਸਕੂਲਾਂ ਦੀਆਂ ਪੁਰਾਣੀਆਂ ਤੇ ਖਸਤਾਹਾਲ ਇਮਾਰਤਾਂ ਦੀ ਥਾਂ ਹੁਣ ਸ਼ਾਨਦਾਰ, ਰੰਗ-ਬਿਰੰਗੀਆਂ ਅਤੇ ਆਕਰਸ਼ਕ ਇਮਾਰਤਾਂ ਨੇ ਲੈ ਲਈ ਹੈ। ਸਕੂਲਾਂ ਦੀਆਂ ਕੰਧਾਂ ਉੱਤੇ ਬਣਾਈ ਗਈ ਗਿਆਨਵਰਧਕ ਚਿੱਤਰਕਾਰੀ ਬੱਚਿਆਂ ਲਈ ਖਿੱਚ ਦਾ ਕੇਂਦਰ ਬਣਦੀ ਹੈ। ਹਰ ਸਕੂਲ ਵਿੱਚ ਪੀਣ ਵਾਲੇ ਸਾਫ਼ ਪਾਣੀ ਲਈ ਆਧੁਨਿਕ ਪ੍ਰਣਾਲੀਆਂ, ਲੜਕੇ ਅਤੇ ਲੜਕੀਆਂ ਲਈ ਵੱਖਰੇ ਤੇ ਸਾਫ਼-ਸੁਥਰੇ ਪਖਾਨੇ, ਹਰੇ-ਭਰੇ ਬਗੀਚੇ ਅਤੇ ਖੇਡਾਂ ਦੇ ਮੈਦਾਨਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਹ ਸੁੰਦਰ ਵਾਤਾਵਰਣ ਵਿਦਿਆਰਥੀਆਂ ਦੇ ਮਨ ਵਿੱਚ ਸਕੂਲ ਆਉਣ ਦੀ ਚਾਹਤ ਪੈਦਾ ਕਰਦਾ ਹੈ।

ਤਕਨਾਲੋਜੀ ਦਾ ਸੁਮੇਲ ਅਤੇ ਸਮਾਰਟ ਜਮਾਤਾਂ... ਅੱਜ ਪੰਜਾਬ ਦੇ ਸਰਕਾਰੀ ਸਕੂਲ ਰਵਾਇਤੀ ਪੜ੍ਹਾਈ (ਬੋਰਡ ਅਤੇ ਚਾਕ) ਦੇ ਦਾਇਰੇ ਤੋਂ ਬਾਹਰ ਨਿਕਲ ਕੇ ਪੂਰੀ ਤਰ੍ਹਾਂ ਆਧੁਨਿਕ ਤਕਨਾਲੋਜੀ ਨਾਲ ਲੈਸ ਹੋ ਚੁੱਕੇ ਹਨ। ਜਮਾਤਾਂ ਨੂੰ 'ਸਮਾਰਟ ਜਮਾਤਾਂ' ਵਿੱਚ ਤਬਦੀਲ ਕੀਤਾ ਗਿਆ ਹੈ, ਜਿੱਥੇ ਪ੍ਰੋਜੈਕਟਰ, ਕੰਪਿਊਟਰ ਅਤੇ ਇੰਟਰਨੈੱਟ ਦੀ ਮਦਦ ਨਾਲ ਪੜ੍ਹਾਈ ਕਰਵਾਈ ਜਾ ਰਹੀ ਹੈ। ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਵੀਡੀਓ ਅਤੇ ਤਸਵੀਰਾਂ ਰਾਹੀਂ ਵਿਹਾਰਕ ਗਿਆਨ ਦਿੱਤਾ ਜਾ ਰਿਹਾ ਹੈ। ਇਸ ਤਕਨੀਕੀ ਬਦਲਾਅ ਕਾਰਨ ਬੱਚਿਆਂ ਦੀ ਸਿੱਖਣ ਅਤੇ ਸਮਝਣ ਦੀ ਸਮਰੱਥਾ ਵਿੱਚ ਭਾਰੀ ਵਾਧਾ ਹੋਇਆ ਹੈ, ਅਤੇ ਪੜ੍ਹਾਈ ਹੁਣ ਉਨ੍ਹਾਂ ਲਈ ਬੋਝ ਨਹੀਂ ਬਲਕਿ ਇੱਕ ਮਨੋਰੰਜਕ ਅਨੁਭਵ ਬਣ ਗਈ ਹੈ।

ਵਿਸ਼ੇਸ਼ ਸਕੂਲ (ਸਕੂਲ ਆਫ਼ ਐਮੀਨੈਂਸ) ਦੀ ਸਥਾਪਨਾ .. ਪੰਜਾਬ ਦੇ ਸਿੱਖਿਆ ਮਾਡਲ ਦੀ ਸਭ ਤੋਂ ਵੱਡੀ ਅਤੇ ਵਿਲੱਖਣ ਪ੍ਰਾਪਤੀ ਸੂਬੇ ਵਿੱਚ 'ਸਕੂਲ ਆਫ਼ ਐਮੀਨੈਂਸ' (ਵਿਸ਼ੇਸ਼ਤਾ ਦੇ ਸਕੂਲ) ਦੀ ਸਥਾਪਨਾ ਹੈ। ਇਹ ਸਕੂਲ ਕਿਸੇ ਵੀ ਨਾਮਵਰ ਪ੍ਰਾਈਵੇਟ ਸਕੂਲ ਨਾਲੋਂ ਬਿਹਤਰ ਸਹੂਲਤਾਂ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਉੱਚ ਪੱਧਰੀ ਪ੍ਰਯੋਗਸ਼ਾਲਾਵਾਂ, ਆਧੁਨਿਕ ਪੁਸਤਕਾਲੇ, ਡਿਜੀਟਲ ਜਮਾਤਾਂ ਅਤੇ ਵੱਖ-ਵੱਖ ਖੇਡਾਂ ਲਈ ਵਿਸ਼ੇਸ਼ ਕੋਚਾਂ ਦਾ ਪ੍ਰਬੰਧ ਹੈ। ਇੱਥੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਉੱਚੇਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ (ਜਿਵੇਂ ਇੰਜੀਨੀਅਰਿੰਗ ਅਤੇ ਮੈਡੀਕਲ ਪ੍ਰੀਖਿਆਵਾਂ) ਦੀ ਤਿਆਰੀ ਲਈ ਮੁਫ਼ਤ ਅਤੇ ਵਿਸ਼ੇਸ਼ ਕੋਚਿੰਗ ਦਿੱਤੀ ਜਾਂਦੀ ਹੈ, ਤਾਂ ਜੋ ਗ਼ਰੀਬ ਪਰਿਵਾਰਾਂ ਦੇ ਬੱਚੇ ਵੀ ਵੱਡੇ ਅਹੁਦਿਆਂ 'ਤੇ ਪਹੁੰਚ ਸਕਣ।ਅਧਿਆਪਕਾਂ ਦੀ ਕੌਮਾਂਤਰੀ ਪੱਧਰ ਦੀ ਸਿਖਲਾਈ ..

ਇਸ ਪੂਰੇ ਸਿੱਖਿਆ ਇਨਕਲਾਬ ਦੇ ਅਸਲ ਰਚੇਤਾ ਪੰਜਾਬ ਦੇ ਮਿਹਨਤੀ ਅਧਿਆਪਕ ਹਨ। ਅਧਿਆਪਕਾਂ ਦੀ ਯੋਗਤਾ ਅਤੇ ਪੜ੍ਹਾਉਣ ਦੇ ਤਰੀਕਿਆਂ ਨੂੰ ਹੋਰ ਨਿਖਾਰਨ ਲਈ ਪ੍ਰਸ਼ਾਸਨ ਵੱਲੋਂ ਇੱਕ ਬੇਮਿਸਾਲ ਕਦਮ ਚੁੱਕਿਆ ਗਿਆ ਹੈ। ਸੂਬੇ ਦੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਦੇਸ਼-ਵਿਦੇਸ਼ ਦੀਆਂ ਉੱਚ ਪੱਧਰੀ ਸੰਸਥਾਵਾਂ (ਜਿਵੇਂ ਸਿੰਗਾਪੁਰ ਅਤੇ ਅਹਿਮਦਾਬਾਦ) ਵਿੱਚ ਵਿਸ਼ੇਸ਼ ਸਿਖਲਾਈ ਲਈ ਭੇਜਿਆ ਗਿਆ ਹੈ। ਜਦੋਂ ਇਹ ਅਧਿਆਪਕ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਨੂੰ ਦੇਖ ਕੇ ਅਤੇ ਨਵੇਂ ਤਰੀਕੇ ਸਿੱਖ ਕੇ ਵਾਪਸ ਪਰਤਦੇ ਹਨ, ਤਾਂ ਉਹ ਜਮਾਤਾਂ ਵਿੱਚ ਇੱਕ ਨਵਾਂ ਉਤਸ਼ਾਹ ਅਤੇ ਨਵੀਂ ਊਰਜਾ ਲੈ ਕੇ ਆਉਂਦੇ ਹਨ। ਇਸ ਨਾਲ ਸਕੂਲਾਂ ਦਾ ਸਮੁੱਚਾ ਅਕਾਦਮਿਕ ਮਾਹੌਲ ਬਦਲ ਗਿਆ ਹੈ।

ਸ਼ਾਨਦਾਰ ਨਤੀਜੇ ਅਤੇ ਮਾਪਿਆਂ ਦਾ ਮੁੜ ਬਹਾਲ ਹੋਇਆ ਵਿਸ਼ਵਾਸ਼ ...ਸਰਕਾਰੀ ਸਕੂਲਾਂ ਵਿੱਚ ਕੀਤੇ ਗਏ ਇਨ੍ਹਾਂ ਸੁਧਾਰਾਂ ਦਾ ਅਸਰ ਬੋਰਡ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ। ਪਿਛਲੇ ਕੁਝ ਸਾਲਾਂ ਤੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਨਾ ਸਿਰਫ਼ ਪਾਸ ਪ੍ਰਤੀਸ਼ਤਤਾ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਪਿੱਛੇ ਛੱਡ ਰਹੇ ਹਨ, ਸਗੋਂ ਸੂਬੇ ਦੀਆਂ ਮੈਰਿਟ ਸੂਚੀਆਂ ਵਿੱਚ ਵੀ ਮੋਹਰੀ ਸਥਾਨ ਹਾਸਲ ਕਰ ਰਹੇ ਹਨ। ਇਸ ਬਿਹਤਰ ਪ੍ਰਦਰਸ਼ਨ ਸਦਕਾ ਅੱਜ ਸਮਾਜ ਵਿੱਚ ਇੱਕ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ—ਲੱਖਾਂ ਦੀ ਗਿਣਤੀ ਵਿੱਚ ਮਾਪੇ ਆਪਣੇ ਬੱਚਿਆਂ ਨੂੰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚੋਂ ਹਟਾ ਕੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾ ਰਹੇ ਹਨ। ਇਹ ਬਦਲਾਅ ਆਰਥਿਕ ਪੱਖੋਂ ਬਹੁਤ ਵੱਡੀ ਕ੍ਰਾਂਤੀ ਹੈ, ਕਿਉਂਕਿ ਇਸ ਨਾਲ ਆਮ ਪਰਿਵਾਰਾਂ ਦਾ ਵੱਡਾ ਖ਼ਰਚਾ ਬਚ ਰਿਹਾ ਹੈ ਅਤੇ ਬੱਚਿਆਂ ਨੂੰ ਮੁਫ਼ਤ ਵਿੱਚ ਬਿਹਤਰ ਸਿੱਖਿਆ ਮਿਲ ਰਹੀ ਹੈ।ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਵਿਕਾਸ ਅਤੇ ਕਾਰੋਬਾਰੀ ਸੋਚਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਹੁਣ ਸਿਰਫ਼ ਕਿਤਾਬੀ ਕੀੜਾ ਬਣਨ ਦੀ ਥਾਂ ਬੱਚਿਆਂ ਦੇ ਸਰਵਪੱਖੀ ਵਿਕਾਸ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਵਿਦਿਆਰਥੀਆਂ ਅੰਦਰ ਕਾਰੋਬਾਰੀ ਅਤੇ ਰਚਨਾਤਮਕ ਸੋਚ ਪੈਦਾ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਨ੍ਹਾਂ ਤਹਿਤ ਬੱਚਿਆਂ ਨੂੰ ਆਪਣੇ ਨਵੇਂ ਵਿਚਾਰਾਂ 'ਤੇ ਕੰਮ ਕਰਨ ਲਈ ਛੋਟੀ ਵਿੱਤੀ ਸਹਾਇਤਾ (ਬੀਜ ਧਨ) ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲ-ਾਵਾ ਖੇਡਾਂ, ਭਾਸ਼ਣ ਮੁਕਾਬਲਿਆਂ ਅਤੇ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਬੱਚਿਆਂ ਦੇ ਆਤਮ-ਵਿਸ਼ਵਾਸ ਨੂੰ ਵਧਾਇਆ ਜਾ ਰਿਹਾ ਹੈ, ਤਾਂ ਜੋ ਉਹ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਣ।

ਪਾਰਦਰਸ਼ੀ ਪ੍ਰਬੰਧ ਅਤੇ ਲੋਕ-ਭਾਈਵਾਲੀ ਸਕੂਲਾਂ ਦੇ ਪ੍ਰਬੰਧ ਨੂੰ ਵਧੇਰੇ ਜਵਾਬਦੇਹ ਬਣਾਉਣ ਲਈ ਮਾਪਿਆਂ ਅਤੇ ਅਧਿਆਪਕਾਂ ਦੀਆਂ ਨਿਯਮਿਤ ਮੀਟਿੰਗਾਂ (ਮਾਪੇ-ਅਧਿਆਪਕ ਮਿਲਣੀ) ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਨਾਲ ਸਕੂਲ ਦੇ ਵਿਕਾਸ ਅਤੇ ਬੱਚੇ ਦੀ ਪੜ੍ਹਾਈ ਵਿੱਚ ਸਥਾਨਕ ਲੋਕਾਂ ਦੀ ਭਾਈਵਾਲੀ ਵਧੀ ਹੈ।

ਪ੍ਰਸ਼ਾਸਨ ਵੱਲੋਂ ਸਕੂਲਾਂ ਦੀ ਨਿਰੰਤਰ ਨਿਗਰਾਨੀ, ਅਧਿਆਪਕਾਂ ਦੇ ਤਬਾਦਲਿਆਂ ਵਿੱਚ ਪਾਰਦਰਸ਼ਤਾ ਅਤੇ ਸਮੇਂ ਸਿਰ ਫ਼ੈਸਲਿਆਂ ਨੇ ਪੂਰੇ ਸਿਸਟਮ ਵਿੱਚੋਂ ਸੁਸਤੀ ਨੂੰ ਖ਼ਤਮ ਕਰਕੇ ਇੱਕ ਜ਼ਿੰਮੇਵਾਰੀ ਵਾਲੀ ਭਾਵਨਾ ਪੈਦਾ ਕੀਤੀ ਹੈ।ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਦ੍ਰਿੜ ਇੱਛਾ ਸ਼ਕਤੀ, ਸਹੀ ਨੀਤੀ, ਦੂਰਅੰਦੇਸ਼ੀ ਯੋਜਨਾਬੰਦੀ ਅਤੇ ਅਧਿਆਪਕਾਂ ਦਾ ਸਹਿਯੋਗ ਹੋਵੇ, ਤਾਂ ਸਰਕਾਰੀ ਤੰਤਰ ਨੂੰ ਵੀ ਦੇਸ਼ ਦਾ ਸਰਵੋਤਮ ਤੰਤਰ ਬਣਾਇਆ ਜਾ ਸਕਦਾ ਹੈ....



**ਲੈਕਚਰਾਰ ਅੰਮ੍ਰਿਤ ਪਾਲ ਸਿੰਘ ਬੰਗਾ**

## ਅਧਿਆਪਕ ਦਾ ਸਮਾਜ ਵਿੱਚ ਯੋਗਦਾਨ

ਅਧਿਆਪਕ ਮਨੁੱਖੀ ਜੀਵਨ ਦਾ ਸਭ ਤੋਂ ਮਹੱਤਵਪੂਰਨ ਮਾਰਗ ਦਰਸ਼ਕ ਹੁੰਦਾ ਹੈ। ਅਧਿਆਪਕ ਸਮਾਜ ਦਾ ਨਿਰਮਾਤਾ ਹੁੰਦਾ ਹੈ। ਉਹ ਬੱਚਿਆਂ ਨੂੰ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਦਿੰਦਾ ਸਗੋਂ ਉਹਨਾਂ ਨੂੰ ਚੰਗੇ ਸੰਸਕਾਰ ,ਅਨੁਸ਼ਾਸਨ ਅਤੇ ਨੈਤਿਕ ਮੁੱਲਾਂ ਦੀ ਸਿੱਖਿਆ ਵੀ ਦਿੰਦਾ ਹੈ। ਉਹ ਬੱਚਿਆਂ ਨੂੰ ਸੱਚਾਈ, ਇਮਾਨਦਾਰੀ, ਮਿਹਨਤ ਅਤੇ ਮਨੁੱਖਤਾ ਦਾ ਪਾਠ ਪੜਾਉਂਦਾ ਹੈ। ਅਧਿਆਪਕ ਸਮਾਜ ਨੂੰ ਸਿੱਖਿਆ ਯੁਕਤ ਅਤੇ ਜਾਗਰੂਕ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇੱਕ ਚੰਗਾ ਅਧਿਆਪਕ ਵਿਦਿਆਰਥੀਆਂ ਨੂੰ ਸਹੀ ਰਸਤੇ ਤੇ ਤੁਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਉਹਨਾਂ ਦੇ ਚਰਿੱਤਰ ਦਾ ਨਿਰਮਾਣ ਕਰਦਾ ਹੈ । ਅਧਿਆਪਕ ਹੀ ਵਿਦਿਆਰਥੀਆਂ ਦੀਆਂ ਲੁਕੀਆਂ ਹੋਈਆਂ ਯੋਗਤਾਵਾਂ ਨੂੰ ਪਛਾਣ ਕੇ ਉਹਨਾਂ ਨੂੰ ਅੱਗੇ ਵੱਧਣ ਲਈ ਪ੍ਰੇਰਿਤ ਕਰਦਾ ਹੈ। ਇੱਕ ਸੱਭਿਆਚਾਰਿਕ ਅਤੇ ਵਿਕਸਿਤ ਸਮਾਜ ਦੀ ਨੀਹ ਇੱਕ ਚੰਗੇ ਅਧਿਆਪਕ ਤੇ ਟਿਕੀ ਹੁੰਦੀ ਹੈ । ਹਰ ਸਫਲ ਵਿਅਕਤੀ ਦੇ ਪਿੱਛੇ ਕਿਸੇ ਨਾ ਕਿਸੇ ਅਧਿਆਪਕ ਦੀ ਮਿਹਨਤ ਹੁੰਦੀ ਹੈ। ਇਸੇ ਲਈ ਅਧਿਆਪਕ ਨੂੰ ਸਮਾਜ ਵਿੱਚ ਸਭ ਤੋਂ ਵੱਡਾ ਮਾਰਗ ਦਰਸ਼ਕ ਮੰਨਿਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਅਧਿਆਪਕ ਦੀ ਜਿੰਮੇਵਾਰੀ ਹੋਰ ਵੀ ਵੱਧ ਗਈ ਹੈ। ਉਹ ਬੱਚਿਆਂ ਨੂੰ ਟੈਕਨੋਲਜੀ ਦੇ ਸਹੀ ਉਪਯੋਗ ,ਸਮਾਜਿਕ ਮੁੱਲਾਂ ਤੇ ਵਾਤਾਵਰਣ ਦੀ ਸੰਭਾਲ ਬਾਰੇ ਜਾਗਰੂਕ ਕਰਦਾ ਹੈ । ਪੁਰਾਣੇ ਸਮੇਂ ਵਿੱਚ ਅਧਿਆਪਕ ਨੂੰ ਮਾਪਿਆਂ ਦੇ ਬਰਾਬਰ ਮਾਣ ਦਿੱਤਾ ਜਾਂਦਾ ਸੀ। ਵਿਦਿਆਰਥੀ ਆਪਣੇ ਗੁਰੂ ਦੀ ਹਰ ਗੱਲ ਨੂੰ ਸਤਿਕਾਰ ਨਾਲ ਮੰਨਦੇ ਸਨ। ਪਰ ਆਧੁਨਿਕ ਯੁੱਗ ਵਿੱਚ ਕੁਝ ਲੋਕ ਅਧਿਆਪਕਾਂ ਦੀ ਮਹੱਤਤਾ ਨੂੰ ਘੱਟ ਸਮਝਣ ਲੱਗ ਪਏ ਹਨ। ਸੋਸ਼ਲ ਮੀਡੀਆ ਤੇ ਮੋਬਾਈਲ ਫੋਨਾਂ ਦੇ ਵੱਧਦੇ ਪ੍ਰਭਾਵ ਕਾਰਨ ਵੀ ਬੱਚਿਆਂ ਵਿੱਚ ਅਨੁਸ਼ਾਸਨ ਦੀ ਘਾਟ ਆ ਰਹੀ ਹੈ ਪਰ ਜੇ ਅਸੀਂ ਅਧਿਆਪਕਾਂ ਨੂੰ ਅਣਗੌਲਿਆ ਕਰਾਂਗੇ ਤਾਂ ਸਿੱਖਿਆ ਦਾ ਮਿਆਰ ਵੀ ਘਟੇਗਾ। ਮਾਪਿਆਂ ਅਤੇ ਸਮਾਜ ਦਾ ਫਰਜ਼ ਹੈ ਕਿ ਅਧਿਆਪਕ ਨੂੰ ਅਣਗੌਰ ਨਾ ਕਰਨ ਅਤੇ ਅਧਿਆਪਕ ਦੀ ਸਮਾਜ ਵਿੱਚ ਭੂਮਿਕਾ ਨੂੰ ਸਮਝ ਦੇ ਹੋਏ ਇੱਕ ਚੰਗੇ ਅਤੇ ਸੰਸਕਾਰਵਾਨ ਸਮਾਜ ਦੀ ਸਿਰਜਣਾ ਕਰ ਸਕਦੇ ਹਨ ,ਕਿਉਂਕਿ ਅਧਿਆਪਕ ਹੀ ਸਾਡੇ ਭਵਿੱਖ ਦੇ ਅਸਲ ਨਿਰਮਾਤਾ ਹਨ।



**ਰਾਜਬੀਰ ਕੌਰ**
**ਅੰਗਰੇਜ਼ੀ ਮਿਸਟ੍ਰੈਸ**
**ਪੀ ਐਮ ਸ਼੍ਰੀ ਸਰਕਾਰੀ ਹਾਈ ਸਕੂਲ**
**ਬੂੜੇਵਾਲ (ਸੁਲਤਾਨਪੁਰ ਲੋਧੀ)**

## ਪੱਖੀਆਂ

ਆਪਣੇ ਸਮੇਂ ਦੀ,ਹਰਮਨ ਪਿਆਰੀ ਅਤੇ ਸੁਰੀਲੀ ਗਾਇਕਾ ਸਵ ਪ੍ਕਾਸ਼ ਕੌਰ ਦਾ ਗਾਇਆ ਇਹ ਗੀਤ" ਵੇ ਲੈ ਦੇ ਮੈਨੂੰ ਮਖਮਲ ਦੀ,ਪੱਖੀ ਘੁੰਗਰੂਆਂ ਵਾਲੀ...." ਰੇਡੀਓ ਸਟੇਸ਼ਨ ਜਲੰਧਰ ਤੋਂ ਤਕਰੀਬਨ ਹਰ ਦੂਸਰੇ - ਤੀਸਰੇ ਦਿਨ ਨਸ਼ਰ ਕੀਤਾ ਜਾਂਦਾ ਹੁੰਦਾ ਸੀ।ਜਲੰਧਰ ਰੇਡੀਓ ਸਟੇਸ਼ਨ 'ਤੇ ਹਰ ਸ਼ਾਮ ਚਲਦੇ ਦਿਹਾਤੀ ਪ੍ਰੋਗਰਾਮ ਵਿੱਚ ਇਸ ਗੀਤ ਦੀ ਫਰਮਾਇਸ਼ ਸੱਭ ਤੋਂ ਵੱਧ ਹੋਇਆ ਕਰਦੀ ਸੀ।ਕਿਸੇ ਸਮੇਂ ਪੱਖੀ, ਪੰਜਾਬੀ ਸਭਿਆਚਾਰ ਦਾ ਇੱਕ ਬਹੁਤ ਹੀ ਮਹੱਤਵਪੂਰਣ ਅਤੇ ਅਨਿਖੜਵਾਂ ਅੰਗ ਹੋਇਆ ਕਰਦੀ ਸੀ। ਆਪਣੇ ਵਿਆਹ ਲਈ ਦਾਜ ਸਹੇਜਦੀਆਂ ਮੁਟਿਆਰਾਂ, ਬੜੀ ਰੀਝ ਨਾਲ,ਆਪਣੇ ਹੱਥੀਂ,ਮਲਮਲ ਦੇ ਚਿੱਟੇ ਕੱਪੜੇ 'ਤੇ,ਰੰਗ ਬਰੰਗੇ ਫੁੱਲਾਂ ਦੀ ਕਢਾਈ ਕਰ ਕੇ,ਆਪਣੇ ਦਾਜ ਲਈ ਪੱਖੀਆਂ ਤਿਆਰ ਕਰਿਆ ਕਰਦੀਆਂ ਹੁੰਦੀਆਂ ਸਨ।ਇਸ ਦੇ ਨਾਲ ਹੀ,ਪੱਖੀ ਦੀ ਝਾਲਰ ਨਾਲ,ਬਰੀਕ ਘੁੰਗਰੂ ਵੀ ਲਾਇਆ ਕਰਦੀਆਂ ਸਨ।ਪਰ ਇਹ ਘੁੰਗਰੂਆਂ ਵਾਲੀਆਂ ਖਾਸ ਪੱਖੀਆਂ,ਖਾਸ ਮੌਕਿਆਂ 'ਤੇ,ਕੁਝ ਖਾਸ ਪਰੁਹਣਿਆਂ (ਮਹਿਮਾਨਾਂ ਨੂੰ) ਨੂੰ ਹੀ ਦਿੱਤੀਆਂ ਜਾਇਆ ਕਰਦੀਆਂ ਸਨ।ਹਰ ਘਰ ਵਿੱਚ,ਆਮ ਮਹਿਮਾਨਾਂ ਅਤੇ ਪਰਿਵਾਰਿਕ ਮੈਬਰਾਂ ਲਈ ਆਮ ਸਧਾਰਨ ਨੜੇ ਦੀਆਂ ਬਣੀਆਂ ਹੋਈਆਂ ਪੱਖੀਆਂ ਹੋਇਆ ਕਰਦੀਆਂ ਸਨ। ਪੱਖ ਸਿਰਫ਼ ਠੰਡੀ ਹਵਾ ਹੀ ਨਹੀਂ ਦਿੰਦੀ ਸੀ,ਇਹ ਪਿਆਰ ਭਰੇ ਰਿਸਤਿਆਂ ਵਿੱਚ ਮਿਠਾਸ ਵੀ ਘੋਲਿਆ ਕਰਦੀ ਸੀ।ਆਪਣੇ ਬੱਚੇ ਨੂੰ ਪੱਖੀ ਝੱਲਦੀ ਮਾਂ,ਆਪ ਸਾਰੀ ਰਾਤ ਉਨੀਂਦਰਾ ਕੱਟ ਜਾਇਆ ਕਰਦੀ ਸੀ,ਤਾਂ ਉਸ ਦਾ ਬੱਚਾ ਚੰਗੀ ਨੀਂਦ ਤੋਂ ਸਕੇ। ਡੂੰਘੀ ਨੀਂਦ ਤੋਂ ਰਹੇ ਪਤੀ ਨੂੰ, ਅਤੇ ਰੋਟੀ ਖਾਂਦੇ ਭਰਾ ਨੂੰ ਪੱਖੀ ਝੱਲਣ 'ਚ,ਦਿਲੀ ਪਿਆਰ ਭਰਿਆ ਹੁੰਦਾ ਸੀ।ਜਿਸ ਨਾਲ ਰਿਸ਼ਤਿਆਂ ਨਿੱਘ ਵਧਦਾ ਸੀ।

ਪੱਖੀਆਂ ਰੁਜ਼ਗਾਰ ਦਾ ਸਾਧਨ ਵੀ ਹੋਇਆ ਕਰਦੀਆਂ ਸਨ।ਪੱਖੀਆਂ ਬਣਾਉਣ ਅਤੇ ਵੇਚਣ ਨਾਲ ਕਿੰਨੇ ਹੀ ਲੋਕਾਂ ਦੀ ਰੋਜੀ ਰੋਟੀ ਚਲਿਆ ਕਰਦੀ ਸੀ।

ਕਿਹਾ ਜਾਂਦਾ ਹੈ ਕਿ ਹਰ ਚੀਜ਼ ਦਾ ਇੱਕ ਸਮਾਂ ਹੁੰਦਾ ਹੈ। ਇਸੇ ਤਰ੍ਹਾਂ ਘਰਾਂ 'ਚ ਬਿਜਲੀ ਆਉਣ ਤੱਕ ਪੱਖੀਆਂ ਆਪਣੇ ਸੁਨਿਹਰੀ ਦੌਰ ਚ ਸਨ।ਹਰ ਘਰ ਵਿੱਚ ਅੱਠ ਦਸ ਆਮ ਪੱਖੀਆਂ,ਅਤੇ ਪੰਜ ਸੱਤ ਚਿੱਟੀ ਮਲਮਲ ਦੀਆਂ, ਕਢਾਈ ਵਾਲੀਆਂ ਸਪੈਸ਼ਲ ਪੱਖੀਆਂ ਹੋਇਆ ਕਰਦੀਆਂ ਸਨ।ਗਰਮੀਆਂ ਖਤਮ ਹੁੰਦੇ ਹੀ ਇਹਨਾਂ ਪੱਖੀਆਂ ਨੂੰ ਬਹੁਤ ਹੀ ਸੰਭਾਲ ਕੇ ਅਰਾਮ ਕਰਨ ਲਈ,ਪੇਟੀ ਵਿੱਚ ਰੱਖ ਦਿੱਤਾ ਜਾਂਦਾ ਸੀ।ਘਰਾਂ 'ਚ ਬਿਜਲੀ ਆਈ ਤਾਂ ਨਾਲ ਹੀ ਬਿਜਲੀ ਵਾਲੇ ਪੱਖੇ ਵੀ ਆ ਗਏ।ਜਿਸ ਨਾਲ ਪੱਖੀਆਂ ਦੀ ਸਰਦਾਰੀ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਸੀ।ਪਰ ਬਿਜਲੀ ਦੇ ਲੰਬੇ ਕੱਟਾਂ ਕਾਰਣ,ਪੱਖੀਆਂ ਦੀ ਜਰੂਰਤ ਬਣੀ ਰਹੀ ਸੀ। ਬਿਜਲੀ ਦੇ ਕੱਟਾਂ ਤੋਂ ਛੁਟਕਾਰਾ ਦਿਵਾਉਣ ਲਈ ਘਰਾਂ ਚ ਲੱਗੇ ਇਨਵਰਟਰਾਂ ਨੇ ਪੱਖੀਆਂ ਦਾ ਪੂਰੀ ਤਰ੍ਹਾਂ ਭੋਗ ਪਾ ਦਿੱਤਾ। ਅੱਜ ਕੋਈ ਵੀ ਮੁਟਿਆਰ,ਥੱਕੇ ਹਾਰੇ ਘਰ ਆਏ ਆਪਣੇ ਪਤੀ ਤੋਂ," ਕਲਕੱਤਿਉ ਪੱਖੀ ਲਿਆ ਦੇ,ਝੱਲੂੰ ਗੀ ਸਾਰੀ ਰਾਤ ਵੇ," ਪੱਖੀ ਦੀ ਮੰਗ ਕਰਨ ਦੀ ਥਾਂ ਏ ਸੀ ਚਲਾ ਕੇ ਅਰਾਮ ਕਰਨ ਨੂੰ ਕਹਿ ਦਿੰਦੀ ਹੈ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

**ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ**



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

**ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।**

# +44 7878 456484

email:-Samajweekly@gmail.com